ੴ ਸਤਿਗੁਰ ਪ੍ਰਸਾਦਿ ॥

# ਆਤਮ ਪ੍ਰਕਾਸ਼


## ਸੰਪਾਦਕ ਅਤੇ ਲੇਖਕ :

## ਸਰਦਾਰਾ ਸਿੰਘ



## ਪ੍ਰਕਾਸ਼ਕ

## "ਗੁਰਬਾਣੀ ਇਸੁ ਜਗ ਮਹਿ ਚਾਨਣੁ"

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882



Download Free

ਮਨ ਤੂੰ ਜੋਤਿ ਸਰੂਪੁ ਹੈ

ਆਪਣਾ ਮੂਲੁ ਪਛਾਣੁ ॥

✦ ✦ ✦ ✦ ✦ ✦ ✦

ਕਹੁ ਕਬੀਰ ਇਹੁ ਰਾਮ ਕੀ ਅੰਸੁ ॥

ਜਸ ਕਾਗਦ ਪਰ ਮਿਟੈ ਨ ਮੰਸੁ ॥

✦ ✦ ✦ ✦ ✦ ✦ ✦

ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥

ਮਾਨਸ ਜਨਮ ਕਾ ਏਹੀ ਲਾਹੁ ॥1॥

✦ ✦ ✦ ✦ ✦ ✦ ✦

✦ ✦ ✦ ✦ ✦ ✦ ✦

## ਸਮਰਪਨ

ਉਨ੍ਹਾਂ ਜੀਵ-ਆਤਮਾਵਾਂ ਨੂੰ ਜੋ

ਗੁਰੂ-ਗੁਰਬਾਣੀ ਤੋਂ ਸੇਧ ਲੈ ਕੇ

ਮਨੁੱਖਾ ਜੀਵਨ ਸਫਲਾ ਕਰਨਾ

ਚਾਹੁੰਦੀਆਂ ਹਨ।

✦ ✦ ✦ ✦ ✦ ✦ ✦

# ਦੋ ਸ਼ਬਦ

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥**

**ਏਹ ਮਾਇਆ ਜਿਤੁ ਹਰ ਵਿਸਰੈ ਮੋਹੁ ਉਪਜੇ ਭਾਉ ਦੂਜਾ ਲਾਇਆ ॥**

ਗਰਭਕਾਲ ਵੇਲੇ ਪਰਮਾਤਮਾ ਨਾਲ ਲੱਗੀ ਜੀਵ ਦੀ ਲਿਵ, ਜਦੋਂ ਪੈਦਾ ਹੋਇਆ ਤਾਂ, ਛੁਟਣੀ ਸ਼ੁਰੂਹੋ ਗਈ । ਮਾਇਆ ਨੇ ਆਪਣਾ ਅਮਰ ਵਰਤਾ ਦਿਤਾ, ਹਰੀ ਵਿਸਰਦਾ ਗਿਆ ਤੇ ਜੀਵ ਦੂਜੇ ਭਾਇ ਲੱਗਦਾ ਗਿਆ। ਸ੍ਵੈ ਦੀ ਪਛਾਣ ਮੁੱਕਣ ਲੱਗੀ ਤੇ ਮਾਇਆਵਾਦੀ ਸੰਸਾਰ ਮਨੋਰਥ ਬਣਦਾ ਗਿਆ। ਮਾਤਾ-ਪਿਤਾ, ਭੈਣ-ਭਰਾ ਤੇ ਹੋਰ ਸਬੰਧੀ ਰਿਸ਼ਤੇਦਾਰ ਮਿੱਤਰ ਬਣ ਗਏ। ਘਰ ਬਣ ਗਿਆ। ਪਤੀ-ਪਤਨੀ ਦੇ ਮੋਹ ਵਿੱਚ ਰੁੱਝਾ ਕਈ ਤਰ੍ਹਾਂ ਦੇ ਧੰਦੇ ਤੇ ਕਾਰੋਬਾਰੀ ਸਿਲਸਲੇ ਵਿੱਚ ਆਪ ਖੋ ਗਿਆ। ਜੀਵਨ ਮਨੋਰਥ ਮਾਇਆ ਕਮਾਉਣਾ ਹੀ ਬਣ ਗਿਆ ਪਰ ਗੁਰਬਾਣੀ ਦੇ ਉੱਚੇ ਸੁੱਚੇ ਉਪਦੇਸ਼ ਮਨੁੱਖ ਨੂੰ ਸ੍ਵੈ ਦੀ ਪਛਾਣ ਕਰਕੇ ਜੀਵਨ ਦੇ ਅਸਲੀ ਮਨੋਰਥ 'ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ " ਮਿਲ ਸਾਧ ਸੰਗਤਿ ਭਜੁ ਕੇਵਲ ਨਾਮ' ਲਈ ਪ੍ਰੇਰਦੇ ਹਨ।

ਲੇਖਕ ਨੇ ਆਪਣੀ ਪੁਸਤਕ 'ਆਤਮ ਪ੍ਰਕਾਸ਼' ਵਿੱਚ ਬੜੇ ਸੁਚੱਜੇ ਢੰਗ ਨਾਲ ਬੜੀ ਸਰਲ ਤੇ ਘਰੋਗੀ ਮੁਹਾਵਰੇ ਭਰੀ ਸ਼ਬਦਾਵਲੀ ਰਾਹੀਂ ਪਾਠਕਾਂ ਨੂੰ 'ਮੈਂ ਕੌਣ ਹਾਂ' ਲੇਖ ਵਿੱਚ ਸ੍ਵੈ ਦੀ ਪਛਾਣ ਕਰਾ ਕੇ ਆਪਣੇ 'ਨਿੱਜ ਘਰ' ਦਾ ਰਸਤਾ ਅਤੇ ਸਿਫਤਾਂ ਦੱਸ ਕੇ ਨਿੱਜ ਘਰ ਵਿੱਚ ਪ੍ਰਵੇਸ਼ ਕਰਾਉਣ ਦਾ ਸਫਲ ਉਪਰਾਲਾ ਕੀਤਾ ਹੈ। ਸਾਡਾ ਅਸਲੀ ਘਰ ਕਿਹੜਾ ਹੈ? ਇਸ ਘਰ ਵਿੱਚ ਵਿਚਰਦਿਆਂ ਕਿਹੋ ਜਿਹੇ ਮਿੱਤਰ ਤੇ ਸਬੰਧੀ ਬਣਾਉਣ ਦੀ ਲੋੜ ਹੈ? ਆਪਣੇ 'ਸੱਜਣ' ਤੇ 'ਦੁਸ਼ਮਣ' ਦੀ ਪਹਿਚਾਣ ਤੇ ਕਿਹੋ ਜਿਹਾ ਕਾਰੋਬਾਰ ਕਰਨ ਦੀ ਲੋੜ ਹੈ? ਆਦਿ ਬਾਰੇ ਗੁਰਬਾਣੀ ਦੀ ਰੋਸ਼ਨੀ ਵਿੱਚ ਛੋਟੇ-ਛੋਟੇ ਲੇਖਾਂ ਰਾਹੀਂ ਚਾਨਣਾ ਪਾਇਆ ਗਿਆ ਹੈ।

ਸ. ਸਰਦਾਰਾ ਸਿੰਘ ਜੀ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਪੱਤ੍ਰਕਾ ਦੇ ਸੰਪਾਦਕ ਹੋਣ ਦੇ ਨਾਤੇ ਪਿਛਲੇ 30 ਸਾਲਾਂ ਤੋਂ ਗੁਰਬਾਣੀ ਦੀ ਵਿਚਾਰਧਾਰਾ ਉੱਤੇ ਅਣਗਿਣਤ ਲੇਖ ਪਾਠਕਾਂ ਦੀ ਸੇਵਾ ਵਿੱਚ ਭੇਂਟ ਕਰ ਚੁੱਕੇ ਹਨ। ਪਰ ਆਪਣੀ ਪਲੇਠੀ ਪੁਸਤਕ 'ਆਤਮ ਪ੍ਰਕਾਸ਼' ਰਾਹੀਂ ਉਨ੍ਹਾਂ ਨੇ ਅਧਿਆਤਮਕ ਵਿਸ਼ਿਆਂ ਦੇ ਲਿਖਾਰੀਆਂ ਵਿੱਚ ਆਪਣਾ ਨਿਵੇਕਲਾ ਸਥਾਨ ਬਣਾ ਲਿਆ ਹੈ। ਆਤਮਿਕ ਜਗਤ ਦੇ ਪਾਂਧੀਆਂ ਲਈ ਇਹ ਪੁਸਤਕ ਮਾਰਗ ਦਰਸ਼ਕ ਵਜੋਂ ਕੰਮ ਕਰੇਗੀ ਅਤੇ 'ਆਤਮ ਪ੍ਰਕਾਸ਼' ਕਰਾਉਣ ਦਾ ਸਾਧਨ ਬਣੇਗੀ। ਮੇਰੀ ਵਾਹਿਗੁਰੂਅੱਗੇ ਅਰਦਾਸ ਹੈ ਕਿ 'ਉਹ' ਲੇਖਕ ਨੂੰ ਹੋਰ ਬੱਲ ਤੇ ਆਤਮਿਕ ਗਿਆਨ ਬਖਸ਼ੇ ਤਾਂ ਜੋ ਉਹ ਆਪਣੇ ਨਿੱਜੀ ਅਧਿਆਤਮਕ ਅਨੁਭਵਾਂ ਨੂੰ ਆਪਣੀ ਅਗਲੇਰੀ ਰਚਨਾ ਰਾਹੀਂ ਪਾਠਕਾਂ ਨਾਲ ਸਾਂਝਾ ਕਰ ਸਕਣ।

**ਪਰਮਜੀਤ ਸਿੰਘ (ਡਾਕਟਰ)**

**ਕੋਠੀ ਨੰਬਰ : 482, ਸੈਕਟਰ : 20-ਏ, ਚੰਡੀਗੜ੍ਹ**

# ਅਸੀਸ

ਭਾਈ ਸਰਦਾਰਾ ਸਿੰਘ ਜੀ ਨੇ ਆਪਣੀ ਬਹੁਮੁੱਲੀ ਪੁਸਤਕ 'ਆਤਮ ਪ੍ਰਕਾਸ਼' ਮੇਰੇ ਅੱਗੇ ਰੱਖ ਕੇ ਆਖਿਆ ਕਿ ਇਸ ਪੁਸਤਕ ਬਾਰੇ ਆਪਣੇ ਕੁਝ ਵਿਚਾਰ ਮੁੱਖਬੰਦ ਦੇ ਰੂਪ ਵਿੱਚ ਲਿਖੋ। ਇਸ ਪੁਸਤਕ ਬਾਰੇ ਜਿਸ ਵਿੱਚ ਆਏ ਲੇਖ ਮੈਂ ਕਈਂ ਬਾਰ ਮੁੜ-ਮੁੜ ਕੇ ਪਿਛਲੇ ਵਰ੍ਹਿਆਂ 'ਚ ਪੜ੍ਹਦਾ, ਸੁਣਦਾ ਤੇ ਵਿਚਾਰਦਾ ਰਿਹਾ ਹਾਂ। ਮੇਰੇ ਮੂੰਹੋਂ ਸੁਭਾਵਕ ਹੀ ਅਚਨਚੇਤ ਨਿੱਕਲ ਗਿਆ, ਭਾਈ ਸਾਹਿਬ ! "ਮੈਂ ਕੌਣ ਹਾਂ?"

ਅਸੀਂ ਰੋਜ਼ਾਨਾਂ ਹਰ ਰੋਜ਼ ਸ਼ਾਮ ਡੇਢ-ਦੋ ਘੰਟੇ, ਕਈ ਵਾਰ ਕਈ ਕਈ ਘੰਟਿਆਂ ਬੱਧੀ ਆਪਸ ਵਿੱਚ ਜੁੜ ਕੇ ਗੁਰਬਾਣੀ ਦੀ ਵਿਚਾਰ ਕਰਦੇ ਹਾਂ ਤਾਂ ਕਈ ਵਾਰ 'ਮੈਂ ਕੌਣ ਹਾਂ', ਸਾਡਾ ਤਕੀਆ ਕਲਾਮ ਹੀ ਬਣਿਆ ਹੋਇਆ ਹੈ। ਜੈਸੇ ਕਿ ਹੁਣ ਵੀ ਅਚਨਚੇਤ ਮੂੰਹੋਂ ਨਿੱਕਲ ਗਿਆ। ਸੱਚ ਮੁੱਚ ਹੀ 'ਮੈਂ ਕੌਣ ਹਾਂ' ਕਿਸ ਗਿਣਤੀ ਵਿੱਚ ਹਾਂ: ਨਾ ਕੋਈ ਨਾਮਵਰ ਵਕਤਾ-ਬਖਤਾ, ਨਾ ਕੋਈ ਗਿਆਨੀ-ਧਿਆਨੀ ਤੇ ਨਾ ਕੋਈ ਪ੍ਰੋਫੈਸਰ ਪਰ ਸਧਾਰਣ ਜਿਹਾ ਪੁਰਸ਼ ਹਾਂ, ਜੋ ਇਸ ਪੁਸਤਕ ਵਿੱਚ ਮੋਤੀ ਭਾਈ ਸਾਹਿਬ ਨੇ ਗੂੜ੍ਹ ਗਿਆਨ ਦੇ ਪਰੋਏ ਹਨ, ਉਨ੍ਹਾਂ ਬਾਬਤ ਕੁਝ ਆਖ ਸਕਾਂ, 'ਮੈਂ ਕੌਣ ਹਾਂ?' ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਹਾਂ।

ਮੈਨੂੰ ਸੱਚਮੁੱਚ ਹੀ ਗੁਰਬਾਣੀ ਦੇ ਗੁੱਝੇ ਭਾਵਾਂ ਦੀ ਕੋਈ ਸਮਝ ਨਹੀਂ ਸੀ, ਪਰ ਭਾਈ ਸਾਹਿਬ ਨਾਲ ਹਰ ਰੋਜ਼ ਸੰਗਤ ਕਰਕੇ ਕੁਝ-ਕੁਝ ਸੋਝੀ ਹੋਈ ਅਤੇ ਸਮਝ ਆਈ ਕਿ 'ਮੈਂ ਕੌਣ ਹਾਂ?' ਮੇਰਾ ਅਸਲੀ ਤੇ ਪੱਕਾ ਘਰ ਕਿਹੜਾ ਹੈ, ਮੇਰੇ ਸਬੰਧੀ ਮਿੱਤਰ ਤੇ ਵੈਰੀ ਕੌਣ ਹਨ, ਅਸਲੀ ਘਰ ਪੁੱਜਣ ਦਾ ਰਸਤਾ ਕਿਹੜਾ ਹੈ ਅਤੇ ਮਨੁੱਖੀ ਜੀਵਨ ਦਾ ਮਨੋਰਥ ਕੀ ਹੈ?

ਇਸ ਪੁਸਤਕ ਦੇ ਪੜ੍ਹਨ ਤੇ ਵਿਚਾਰਣ ਨਾਲ ਸਾਨੂੰ ਗਿਆਨ ਹੋਵੇਗਾ ਕਿ ਗੁਰਮਤਿ ਦਾ ਸੱਚਾ ਮਾਰਗ ਕਿਹੜਾ ਹੈ, ਨਿੱਜ ਘਰ ਵਿੱਚ ਕਿਵੇਂ ਜਾਈਦਾ ਹੈ, ਜੀਵ ਆਤਮਾ ਤੇ ਪ੍ਰਮਾਤਮਾ ਦਾ ਮੇਲ ਕਿਵੇਂ ਹੋਵੇ? ਜੋ ਪ੍ਰਭੂਮਿਲਾਪ ਦੀ ਮੰਜ਼ਲ ਸਾਨੂੰ ਦੂਰ ਜਾਪਦੀ ਹੈ, ਉਹ ਨੇੜੇ ਕਿਵੇਂ ਭਾਸੇਗੀ?

ਭਾਈ ਸਾਹਿਬ ਤੇ ਹੋਰ ਸਤਿਸੰਗੀ, ਵਡੇਰੀ ਉਮਰ ਦਾ ਹੋਣ ਕਰਕੇ ਮੈਨੂੰ 'ਪਾਪਾ ਜੀ' ਆਖ ਕੇ ਮਾਣ ਬਖਸ਼ਦੇ ਹਨ ਅਤੇ ਹੁਣ ਮੈਂ ਇਸੀ ਹੈਸੀਅਤ ਵਿੱਚ ਵਾਹਿਗੁਰੂ ਅੱਗੇ ਤਹਿ ਦਿੱਲੋਂ ਅਰਦਾਸ ਕਰਦਾ ਹਾਂ ਅਤੇ ਮੇਰੀ ਅਸੀਸ ਹੈ ਕਿ ਸਤਿਗੁਰੂ ਅੱਗੇ ਤਹਿ ਦਿੱਲੋਂ ਅਰਦਾਸ ਕਰਦਾ ਹਾਂ ਅਤੇ ਮੇਰੀ ਅਸੀਸ ਹੈ ਕਿ ਸਤਿਗੁਰੂ ਇਨ੍ਹਾਂ ਨੂੰ ਸਮਰੱਥਾ ਤੇ ਰੋਸ਼ਨੀ ਬਖਸ਼ੇ ਤਾਂ ਕਿ ਗੁਰਬਾਣੀ ਦੇ ਅੰਤ੍ਰੀਵ ਭਾਵਾਂ ਦਾ ਚਾਨਣ ਸੰਸਾਰ ਵਿੱਚ ਖਿਲਾਰਦੇ ਰਹਿਣ ।

**ਅਤਰ ਸਿੰਘ ਭਾਗਵੰਡ ਕਸ਼ਮੀਰ ਵਾਲੇ,**

**# : 47, ਸੈਕਟਰ : 19-ਏ, ਚੰਡੀਗੜ੍ਹ**

## ਪੁਸਤਕ ਬਾਰੇ

ਜੀਵ ਆਤਮਾ ਸਤਿ ਸਰੂਪ ਹੈ ਤੇ ਪ੍ਰਮਾਤਮਾ ਸਤਿ ਚਿੱਤ ਅਨੰਦ ਹੈ, ਇਸ ਲਈ ਮਾਨਵ ਹਿਰਦੇ ਵਿੱਚ ਸਤਿ ਨੂੰ ਪਾਉਣ ਦੀ ਚਾਹ ਹਮੇਸ਼ਾ ਉਭਰਦੀ ਰਹਿੰਦੀ ਹੈ। ਮਨੁੱਖ ਮਨ ਦੀ ਅਤ੍ਰਿਪਤੀ ਅਤੇ ਅਸੰਤੋਸ਼ ਦੇ ਕਾਰਣ ਹਨ ਜੋ ਪਰਮ ਗਿਆਨ ਅਤੇ ਪੂਰਨ ਸ਼ਾਂਤੀ ਦੀ ਖੋਜ ਵੱਲ ਮਾਨਵ ਨੂੰ ਪ੍ਰੇਰਤ ਕਰਦੇ ਹਨ।

ਚੌਰਾਸੀ ਲੱਖ ਜੂਨੀਆਂ ਵਿੱਚੋਂ ਮਨੁੱਖ ਜੂਨੀ ਹੀ ਪਰਮ ਸ਼ਾਂਤੀ ਦੀ ਇੱਛਾ ਰੱਖਦੀ ਹੈ। ਅੱਜ ਦੇ ਭੌਤਿਕ ਅਤੇ ਵਿਗਿਆਨਕ ਯੁੱਗ ਵਿੱਚ ਅਸਚਰਜ ਜਨਕ ਉੱਨਤੀ ਹੋਣ ਦੇ ਬਾਵਜੂਦ ਵੀ ਮਨ ਅਸ਼ਾਂਤ ਅਤੇ ਅਤ੍ਰਿਪਤ ਹੀ ਦਿੱਸਦਾ ਹੈ।

ਇਕ ਪਾਸੇ ਤਾਂ ਮਨੁੱਖ ਪੁਲਾੜ ਵਿੱਚ ਪਹੁੰਚ ਕੇ ਚੰਨ ਤਾਰਿਆਂ ਦੀ ਜਾਣਕਾਰੀ ਲੈ ਰਿਹਾ ਹੈ ਅਤੇ ਉਹ ਜਾਣਕਾਰੀ, ਕੇਵਲ ਜਾਣਕਾਰੀ ਵਿੱਚ ਹੀ ਮਸਤ ਹੈ, ਬੇਸ਼ੱਕ ਉੱਥੋਂ ਲੱਭਦਾ ਕੁੱਝ ਵੀ ਨਹੀਂ ਹੈ, ਪਰ ਜੀਵ ਨੂੰ ਆਪਣੇ ਆਪ ਦਾ ਖੁੱਦ ਪਤਾ ਨਹੀਂ ਲੱਗ ਰਿਹਾ ਕਿ "ਮੈਂ ਕੌਣ ਹਾਂ" ਅਤੇ ਮੇਰੇ ਜੀਵਨ ਦਾ ਮੰਤਵ ਕੀ ਹੈ?

ਮੇਰੇ ਵੀਰ ਭਾਈ ਸਾਹਿਬ ਸਰਦਾਰਾ ਸਿੰਘ ਜੀ ਨੇ ਇਸ ਪੁਸਤਕ ਰਾਹੀਂ ਗੁਰਬਾਣੀ ਦੇ ਚਾਨਣ ਵਿੱਚ, "ਮੈਂ ਕੌਣ ਹਾਂ", ਮੇਰਾ ਪੱਕਾ ਘਰ ਕਿੱਥੇ ਹੈ, ਮੇਰੇ ਮਿੱਤਰ ਸਬੰਧੀ ਕੌਣ ਹਨ, ਮੇਰਾ ਸੱਚਾ ਤੇ ਸੁੱਚਾ ਕਾਰੋਬਾਰ ਕੀ ਹੈ, ਮੇਰੇ ਘਰ ਦੀਆਂ ਸਿਫ਼ਤਾਂ ਤੇ ਉਸ ਘਰ ਦੇ ਜਾਣ ਦਾ ਰਾਹ ਕਿਹੜਾ ਹੈ ਅਤੇ ਜੀਵਨ ਮਨੋਰਥ ਆਦਿ ਮਹੱਤਵਪੂਰਨ ਵਿਸ਼ਿਆਂ ਤੇ, ਸੇਵਾ ਸਿਮਰਨ ਵਿੱਚ ਭਿੱਜ ਕੇ ਰੋਸ਼ਨੀ ਪਾਈ ਹੈ। ਆਸ ਹੈ ਕਿ ਆਤਮਕ ਪਾਂਧੀਆਂ ਲਈ ਇਹ ਪੁਸਤਕ ਇੱਕ ਚਾਨਣ ਮੁਹਾਰੇ ਦਾ ਕੰਮ ਕਰੇਗੀ। ਮੇਰੀ ਸਤਿਗੁਰੂ ਪਾਸ ਅਰਦਾਸ ਹੈ ਕਿ ਭਾਈ ਸਾਹਿਬ ਅਤੇ ਪਾਠਕਾਂ ਨੂੰ ਸਮੇਂ ਸਮੇਂ ਸਿਰ ਆਤਮ ਪ੍ਰਕਾਸ਼ ਦੀ ਦਾਤ ਪ੍ਰਦਾਨ ਕਰੀ ਜਾਣ ਤਾਂ ਜੋ ਬ੍ਰਹਮ ਦੇ ਤੱਤ ਗਿਆਨ ਦੀ ਮਹਿਕ ਸਾਰੇ ਸੰਸਾਰ ਵਿੱਚ ਫੈਲੇ ।

**ਦਲੀਪ ਸਿੰਘ,**
**ਸੰਚਾਲਕ : 1. "ਗੁਰਮਤਿ ਮਾਰਗ ਚਾਰਟ ਪ੍ਰਦਰਸ਼ਨੀ"**
**1347/8 ਫ਼ੇਜ਼ 11 ਮੁਹਾਲੀ (ਪੰਜਾਬ)**
**2. ਗੁਰਮਤਿ ਮਿਸ਼ਨ, ਸੈਕਟਰ 45-ਏ,**
**ਚਡੀਗੜ੍ਹ ।**

# ਧੰਨਵਾਦ

ਅਕਾਲ ਪੁਰਖ ਦੇ ਸਰਗੁਣ ਸਰੂਪ, ਮੇਰੇ ਪਿਆਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ! ਆਪ ਜੀ ਦਾ ਇਹ ਕੀਟ ਕੋਟਾਨ ਕੋਟ ਧੰਨਵਾਦ ਕਰਦਾ ਹੈ।

ਮਹਾਰਾਜ ਜੀ ! ਆਪਜੀ ਨੇ ਮਿਹਰੰਮਤ ਕਰ ਕੇ ਆਪਣੇ ਜੀਵ ਨੂੰ ਕੁੱਝ ਲਿਖਣ ਲਈ ਪ੍ਰੇਰਿਆ ਹੈ ਅਤੇ ਆਪ ਹੀ ਉੱਗਲੀ ਫੜ ਲਿਖਵਾਇਆ ਕਿਉਂ ਕਿ, ਜੀਵ ਤਾਂ ਅਲਪਗ ਹੈ।

ਦਾਸ ਦਾ ਰੋਮ ਰੋਮ ਸਰਸ਼ਾਰ ਹੈ ਤੇਰੇ ਸ਼ੁਕਰ ਵਿੱਚ ਐ ਮੇਰੇ ! ਸਮਸਤੁਲ ਨਿਵਾਸੇ ਕਰਣਹਾਰ ਕਾਦਰ ਕਰੀਮ ਸਤਿਗੁਰੂ ਜੀ !

ਇਸ ਘੜੀ ਮੈਨੂੰ ਯਾਦ ਆ ਰਹੀ ਹੈ ਇਕ ਪਵਿੱਤਰ ਆਤਮਾ ਦੀ ਜੋ ਮੇਰੀ ਧਰਮ ਪਤਨੀ ਸਵ: ਸ੍ਰੀਮਤੀ ਤੇਜਵੰਤ ਕੌਰ ਜੀ ਦੇ ਰੂਪ ਵਿੱਚ ਵਾਹਿਗੁਰੂ ਜੀ ਨੇ ਆਤਮਾ ਦਾ, ਇਸ ਅੰਤਰ ਆਤਮੇ ਦੇ 'ਆਤਮ ਪ੍ਰਕਾਸ਼' ਹਿੱਤ ਕਿਉਂ ਜੋ ਉਸ ਰੂਹ ਨੇ ਮੇਰੇ 'ਆਤਮ ਪ੍ਰਕਾਸ਼' ਦੇ ਉਥਾਨ ਲਈ ਚਿੰਤਨ ਦੀਆਂ ਲਹਿਰਾਂ ਦੇ ਵਗਦੇ ਦਰਿਆ ਦੇ ਕੰਢਿਆਂ ਨੂੰ ਸੌੜਾ ਨਹੀਂ ਹੋਣ ਦਿੱਤਾ, ਕੋਈ ਰੁਕਾਵਟ ਨਹੀਂ ਆਉਣ ਦਿੱਤੀ ਸਗੋਂ ਉਸ ਦੇ ਰਾਹ ਵਿੱਚ ਆਉਂਦੇ ਟੋਏ ਟਿੱਬਿਆਂ ਤੇ ਝਾੜ-ਫੂਸ ਨੂੰ ਲਾਂਭੇ ਧੱਕਿਆ ਤਾਂ ਕਿ ਆਤਮ ਲਹਿਰਾਂ ਉੱਤੇ ਕੋਈ ਅਸਰ ਨਾ ਕਰਨ। ਇਸ ਤਰ੍ਹਾਂ ਪੂਰੇ ਤਾਣ ਤੇ ਮਾਣ ਨਾਲ ਮੇਰੀ ਜੀਵ ਆਤਮਾ ਨੂੰ ਆਪਣੇ ਆਤਮ ਚਿੰਤਨ ਲਈ ਪੂਰਾ ਪੂਰਾ ਮੌਕਾ ਦਿੱਤਾ।

ਦਾਸਰਾ ਧੰਨਵਾਦੀ ਹੈ, ਗੁਰਮੁੱਖ ਪਿਆਰੇ ਤੇ ਰੰਗਲੇ ਸੱਜਣਾਂ, ਸ. ਭਾਗਵੰਤ ਅਤਰ ਸਿੰਘ, ਸ. ਦਲੀਪ ਸਿੰਘ ਜੀ ਅਤੇ ਡਾ. ਪਰਮਜੀਤ ਸਿੰਘ ਜੀ ਦਾ, ਜਿਨ੍ਹਾਂ ਨੇ ਪੁਸਤਕ ਵਿੱਚ ਸੰਕਲਿਤ ਸਮੱਗਰੀ ਨੂੰ ਸਮੇਂ -ਸਮੇਂ ਆਪਣੇ ਵਿਚਾਰ ਵਟਾਂਦਰੇ ਦਾ ਭਾਗ ਬਣਾਇਆ ਅਤੇ ਮੈਨੂੰ ਸਹੀ ਤੇ ਢੁੱਕਵੇਂ ਸੁਝਾਅ ਦਿੱਤੇ।

ਧੰਨਵਾਦੀ ਹਾਂ, ਸ. ਦਵਿੰਦਰ ਸਿੰਘ ਜੀ, ਸੈਕ. 45-ਏ, ਚੰਡੀਗੜ੍ਹ ਦਾ, ਜਿਨ੍ਹਾਂ ਨੇ ਇਸ ਐਡੀਸ਼ਨ ਦੇ ਛੱਪਣ ਵੇਲੇ ਕੰਪਿਊਟਰ ਸੈਟਿੰਗ ਅਤੇ ਪਰੂਫ ਰੀਡਿੰਗ ਵਿਚ ਬੜੀ ਲਗਨ ਨਾਲ ਯੋਗਦਾਨ ਪਾਇਆ।

**- ਸਰਦਾਰਾ ਸਿੰਘ**

# ਤਤਕਰਾ


| | | | | | |
|---|---|---|---|---|---|
| 1. | **ਮੈਂ ਕੌਣ ਹਾਂ** | 2. | **ਮੇਰਾ ਪੱਕਾ ਤੇ ਅਸਲੀ ਘਰ** | 3. | **ਮੇਰੇ ਸਬੰਧੀ ਤੇ ਮਿੱਤਰ** |
| 4. | **ਮੇਰੇ ਦੁਸ਼ਮਨ** | 5. | **ਮੇਰਾ ਕਾਰੋਬਾਰ** | 6. | **ਮੇਰੇ ਘਰ ਦੀਆਂ ਸਿਫ਼ਤਾਂ** |
| 7. | **ਮੇਰੇ ਘਰ ਦਾ ਰਸਦਾ** | 9. | **ਮੇਰਾ ਜੀਵਨ ਮਨੋਰਥ** | | |

# ਮੈਂ ਕੌਣ ਹਾਂ

ਵੱਡੀ ਮਹੱਤਤਾ ਰੱਖਦਾ ਹੈ ਇਹ ਪ੍ਰਸ਼ਨ ਕਿ 'ਮੈਂ ਕੌਣ ਹਾਂ?' ਆਪਾਂ ਕਦੀ ਵੀ ਨਹੀਂ ਸੋਚਦੇ ਕਿ ਅਸੀਂ ਕੀ ਵਸਤੂਹਾਂ? ਸਾਡਾ ਜੀਵਨ ਮਨੋਰਥ ਕੀ ਹੈ? ਇਸ ਸੰਸਾਰ ਵਿੱਚ ਕੀ ਕਰਨ ਆਏ ਹਾਂ। ਸਾਨੂੰ ਪ੍ਰਮਾਤਮਾ ਵਲੋਂ ਪੈਦਾ ਕਰਨ ਦਾ ਤਾਤ- ਪਰਜ ਕੀ ਹੈ? ਅਸੀਂ ਕਿੱਥੋਂ ਆਏ ਹਾਂ ਅਤੇ ਕਿਹੜੇ ਸਥਾਨ ਤੇ ਜਾਣਾ ਹੈ। ਬਸ ਇੰਨਾ ਕੁ ਜਾਣਦੇ ਹਾਂ ਕਿ ਅਸੀਂ ਇਨਸ਼ਾਨ ਹਾਂ, ਮਨੁੱਖ ਹਾਂ ਜਾ ਇਸਤਰੀ ਹਾਂ ਜਾਂ ਫਿਰ ਆਪਣੇ ਆਲੇ ਦੁਆਲੇ ਦੇ ਮਾਇਕ ਪ੍ਰਛਾਵਿਆਂ ਦਾ ਬਿਆਨ ਕਰਕੇ ਆਪਣੇ ਆਪ ਦਾ ਪ੍ਰੀਚੈ ਦਿੰਦੇ ਹਾਂ।

ਸੱਚ ਦੇ ਖੋਜੀ ਦੀ ਸੁਰਤ ਵਿੱਚ ਉਪਰੋਕਤ ਪ੍ਰਸ਼ਨ ਉੱਠਣੇ ਸੁਭਾਵਿਕ ਅਤੇ ਅਤਿ ਜਰੂਰੀ ਹਨ, ਜੋ ਕਿ ਅਧਿਆਤਮਬਾਦ ਦੇ ਰਸਤੇ ਦੀ ਲਗਨ ਲਈ ਨੀਂਹ ਪੱਥਰ ਦਾ ਕੰਮ ਕਰਦੇ ਹਨ।

ਬਾਰ ਬਾਰ ਮੈਂ ਕੌਣ ਹਾਂ, ਦੇ ਖਿਆਲ ਤੇ ਵਿਚਾਰ ਕਰਨੀ, ਇਸ ਖਿਆਲ ਨੂੰ ਆਪਣੀ ਸੋਚਣੀ ਉੱਤੇ ਹਾਵੀ ਕਰਨ ਨਾਲ ਸੱਚ ਦੀ ਖੋਜ ਦੇ ਪਾਂਧੀ ਬਣ ਜਾਈਦਾ ਹੈ।

ਮੇਰੇ ਮਨ ਵਿੱਚ ਬਚਪਨ ਤੋਂ ਹੀ ਇਹ ਪ੍ਰਸ਼ਨ ਉੱਠਦਾ ਰਿਹਾ ਹੈ। ਕਈ ਕਈ ਘੰਟੇ, ਕਈ ਕਈ ਦਿਨ ਅਤੇ ਕਈ ਵਾਰ ਮਹੀਨਿਆਂ ਬੱਧੀ ਇਹ ਪ੍ਰਸ਼ਨ ਮੈਨੂੰ ਨਿਰੰਤਰ ਬੇਚੈਨ ਕਰਦਾ ਰਿਹਾ ਹੈ। ਕਦੇ ਕਦੇ ਇਹ ਪ੍ਰਸ਼ਨ ਮਿਨ੍ਹਾ ਮਿਨ੍ਹਾ ਮੇਰੇ ਮਨ ਅੰਦਰ ਉਪਜਦਾ ਰਹਿੰਦਾ ਸੀ ਅਤੇ ਕਦੇ ਕਦੇ ਬਹੁਤ ਹੀ ਪ੍ਰਬਲ ਹੋ ਕਿ ਇਸ ਦੇ ਉੱਤਰ ਲਈ ਮੈਂ ਬੇਹੱਦ ਬਿਹਬਲ ਹੋ ਜਾਂਦਾ ਰਿਹਾ ਹਾਂ।

ਇਕ ਵੇਰ ਮੈਂ ਆਪਣੇ ਇਕ ਮਿੱਤਰ ਕੋਲ ਪ੍ਰਸ਼ਨ ਕੀਤਾ ਕਿ ਕੀ ਤੁਸੀ ਦੱਸ ਸਕਦੇ ਹੋ ਕਿ ਮੈਂ ਕੌਣ ਹਾਂ?

ਉਹ ਕੁੱਝ ਹੈਰਾਨ ਜਿਹਾ ਹੋਇਆ, ਉਹ ਹੈਰਾਨ ਸੀ ਇਸ ਲਈ, ਕਿਉਂ ਕਿ ਉਸ ਸੋਚਿਆ ਕਿ ਇਹ ਕਿਹ ਕਿਹੋ ਜਿਹਾ ਅਜੀਬ ਪ੍ਰਸ਼ਨ ਹੈ ਅਤੇ ਇਸ ਪ੍ਰਸ਼ਨ ਦੇ ਪੁੱਛਣ ਦੀ ਲੋੜ ਹੀ ਕੀ ਹੈ, ਜਦੋਂ ਸਪਸ਼ਟ ਹੀ ਹੈ ਕਿ ਪੁਛੱਣ ਵਾਲਾ, ਸਾਹਮਣੇ ਬੈਠਾ ਹੈ, ਅਤੇ ਉਹ ਉਸ ਦਾ ਇੱਕ ਮਿੱਤਰ ਹੈ।

ਮੈਂ ਦੁਬਾਰਾ ਪੁੱਛਿਆ ਤੇ ਕਿਹਾ, ਹੈਰਾਨੀ ਦੀ ਤਾਂ ਕੋਈ ਗੱਲ ਨਹੀਂ ਤੁਸੀਂ ਦੱਸੋ ਤਾਂ ਸਹੀ 'ਮੈਂ ਕੌਣ ਹਾਂ', ਤੁਹਾਨੂੰ ਇਸ ਦਾ ਉੱਤਰ ਜਰੂਰ ਦੇਣਾ ਚਾਹੀਦਾ ਹੈ ਕਿਉਕਿ ਮੈਂ ਇਸ ਪ੍ਰਸ਼ਨ ਦਾ ਉੱਤਰ ਕਾਫੀ ਸਮੇਂ ਤੋਂ ਲੱਭ ਰਿਹਾ ਹਾਂ। ਆਪਣੇ ਬਚਪਨ ਤੋਂ ਹੀ ਜਦੋਂ ਕਿ ਇਸ ਸੰਸਾਰ ਵਿੱਚ ਸੋਝੀ ਸੰਭਲੀ ਹੈ ਉਦੋਂ ਤੋਂ ਹੀ, ਸ਼ਾਇਦ ਪਿਛਲੇ ਜਨਮ ਤੋਂ ਜਾਂ ਫਿਰ ਸ਼ਾਇਦ ਹੋਰ ਪਿਛਲੇਰੇ ਜਨਮਾ ਤੋਂ ਇਸਦਾ ਉੱਤਰ ਲੱਭ ਰਿਹਾ ਹੋਵਾਂ, ਅਜੇ ਤੱਕ ਨਹੀਂ ਮਿਲ ਰਿਹਾ। ਕਿਰਪਾ ਕਰਕੇ ਮੇਰੀ ਬੇਚੈਨੀ ਦੂਰ ਕਰੋ ਅਤੇ ਇਸ ਪ੍ਰਸ਼ਨ ਦਾ ਉੱਤਰ ਮੈਨੂੰ ਜ਼ਰੂਰ ਦਿਉ।

ਉਸ ਪਹਿਲਾਂ ਤਾਂ ਸ਼ਾਇਦ ਸੋਚਿਆਂ ਹੋਣਾ ਹੈ ਕਿ ਮੈਂ ਪਾਗਲ ਹੋ ਗਿਆ ਹਾਂ। ਮੇਰੇ ਹੋਸ਼ ਟਿਕਾਣੇ ਨਾ ਹੋਣ। ਗੱਲ ਵੀ ਠੀਕ ਸੀ, ਭਲਾ ਸ਼ੁਦਾਈਆਂ ਤੋਂ ਬਿਨਾਂ, ਭਲੇ ਚੰਗੇ ਮਨੁੱਖ ਨੂੰ ਅਜਿਹੇ ਸਵਾਲ ਕਰਨ ਦੀ ਲੋੜ ਹੀ ਕੀ ਹੈ?

ਖੈਰ! ਉਹ ਪੜ੍ਹਿਆ ਲਿਖਿਆ ਸਮਝਦਾਰ ਮਿੱਤਰ ਸੀ ਮੇਰਾ, ਸ਼ਾਇਦ ਮੇਰੀ ਮਾਨਸਿਕ ਅਵਸਥਾ ਨੂੰ ਕੁਝ ਸਮਝਦਾ ਸੀ, ਥੋੜ੍ਹਾ ਠਠੰਬਰ ਕੇ ਮੇਰੇ ਪ੍ਰਸ਼ਨ ਦਾ ਉੱਤਰ ਦੇਣ ਲੱਗਾ, ਬੋਲਿਆ :

"ਤੁਸੀਂ ਸਰਦਾਰਾ ਸਿੰਘ ਹੋ, ਹੋਰ ਕੌਣ? ਮੇਰੇ ਮਿੱਤਰ ਹੋ, ਮੈਂ ਤੁਹਾਨੂੰ ਕਈ ਸਾਲਾਂ ਤੋਂ ਜਾਣਦਾ ਹਾਂ। ਤੁਸੀ ਚੰਡੀਗੜ੍ਹ ਦੇ ਰਹਿਣ ਵਾਲੇ ਹੋ। ਬੱਸ ਹੋਰ ਕੀ?"

ਮੈਂ ਕਿਹਾ, ਨਹੀਂ ਵੀਰ ਜੀ! ਮੇਰੀ ਤਸੱਲੀ ਨਹੀਂ ਹੋਈ। ਉਹ ਫਿਰ ਬੋਲਿਆ, "ਤੁਸੀਂ ਇਕ ਪ੍ਰਿੰਟਿੰਗ ਪ੍ਰੈਸ ਚਲਾ ਰਹੇ ਹੋ। ਤਸੱਲੀ ਨਹੀਂ ਹੋਈ। ਉਹ ਫਿਰ ਬੋਲਿਆ, "ਤੁਸੀਂ ਇਕ ਪ੍ਰਿੰਟਿੰਗ ਪ੍ਰੈਸ ਚਲਾ ਰਹੇ ਹੋ। ਇਕ ਗੁਰਬਾਣੀ ਵਿਚਾਰ ਦਾ ਪਰਚਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਮਾਸਕ ਪਤ੍ਰਕਾ ਦੇ ਸੰਪਾਦਕ ਹੋ। ਮੈਨੂੰ ਸਮਝ ਨਈਂ ਆਉਂਦੀ ਕਿ ਤੁਹਾਡੀ ਬਾਬਤ ਹੋਰ ਮੈਂ ਕੀ ਕਹਾਂ?"

"ਹਾਂ ਇਕ ਗੱਲ ਹੋਰ ਤੁਸੀਂ ਚੰਡੀਗੜ੍ਹ ਦੇ ਨੇੜੇ ਹੀ ਇਕ ਪਿੰਡ ਦੇ ਜੰਮ ਪਲ ਹੋ। ਪ੍ਰੈਸ ਲਗਾਉਣ ਤੋਂ ਪਹਿਲਾ ਚੰਡੀਗੜ੍ਹ ਸਰਕਾਰੀ ਨੌਕਰੀ ਕਰਦੇ ਸੀ। ਸਿੱਖ ਧਰਮ ਦੇ ਧਾਰਨੀ ਹੋ ਪਰ ਸਾਰੇ ਸਹੀ ਧਰਮਾਂ ਨੂੰ ਸਤਿਕਾਰਦੇ ਹੋ, ਪੰਜਾਬੀ ਹੋ, ਭਾਰਤ ਦੇ ਨਾਗਰਿਕ ਹੋ।"

"ਹੋਰ ਇਕ ਕਹਿਣਾ ਕਿ ਤੁਹਾਡੇ ਕਿੰਨੇ ਬੱਚੇ ਹਨ, ਕਿੰਨੀ ਕਿੰਨੀ ਉਮਰ ਦੇ ਹਨ, ਪੜ੍ਹਦੇ ਹਨ ਜਾਂ ਕੰਮਾਂ ਤੇ ਲੱਗੇ ਹੋਏ ਹਨ, ਤੇ ਪਤਨੀ ਕੌਣ ਹੈ, ਕਿਹੋ ਜਿਹੀ ਹੈ, ਕੀ ਕੰਮ ਕਰਦੀ ਹੈ, ਨੌਕਰੀ ਕਰਦੀ ਹੈ ਜਾਂ ਘਰੇਲੂਇਸਤਰੀ ਹੈ, ਆਦਿ ਦੇ ਬਾਬਤ ਦੱਸਣ ਦੀ ਲੋੜ ਨਹੀਂ।

ਇੰਨਾ ਕਾਫੀ ਹੈ।"

"ਇੰਨਾ ਕੁਝ ਹੀ ਹੁੰਦਾ ਹੈ, ਕਿਸ ਦੇ ਬਾਬਤ ਜਾਨਣਾ ਹੋਵੇ ਤਾਂ ਉਸ ਦਾ ਨਾਂ, ਪਤਾ, ਕਾਰੋਬਾਰ, ਬਾਲ-ਬੱਚੇ, ਸ਼ਹਿਰ ਜਾਂ ਪਿੰਡ, ਧਰਮ, ਦੇਸ਼ ਤੇ ਸੁਭਾਅ ਆਦਿ ਹੁੰਦਾ ਹੈ। ਇਸ ਤੋਂ ਵੱਧ ਮੈਂ ਹੋਰ ਕੁਝ ਨਹੀਂ ਆਖ ਸਕਦਾ।"

ਮੈਂ ਉਸਨੂੰ ਫੇਰ ਕਿਹਾ ਨਹੀਂ ਵੀਰ ਜੀ ! ਤੁਸੀ ਮੇਰੀ ਨਿਹਚਉਂ ਨਹੀਂ ਕਰਵਾ ਸਕੇ।

ਵੇਖ ! ਜਦੋਂ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ 'ਮੈਂ ਕੌਣ ਹਾਂ?' ਇਹ ਪ੍ਰਸ਼ਨ ਮੇਰੀ ਜੁਬਾਨ ਰਾਹੀਂ ਉਠਾਇਆ ਜਾ ਰਿਹਾ ਹੈ ਨਾ ! 'ਮੈਂ' ਤੇ 'ਮੇਰੀ ਜ਼ੁਬਾਨ' ਦੋ ਵਸਤਾਂ ਹੋਈਆ। ਜਦੋਂ ਮੈਂ ਕਹਿ ਰਿਹਾ ਹਾਂ, ਮੇਰੀ ਜ਼ੁਬਨ ਰਾਹੀਂ ਇਹ ਪ੍ਰਸ਼ਨ ਉਠਾਇਆ ਜਾ ਰਿਹਾ ਹੈ 'ਮੈਂ' ਤੇ 'ਮੇਰੀ' ਭਾਵ ਇਸ ਪ੍ਰਸ਼ਨ ਨੂੰ ਉਠਾਉਣ ਵਾਲਾ ਇਸ ਪਿੱਛੇ ਕੌਣ ਹੈ ਇਸ 'ਮੈਂ' ਦੇ ਮੈਨੂੰ ਦਰਸ਼ਨ ਨਹੀਂ ਹੋ ਰਹੇ ਸਮਝ ਨਹੀਂ ਆ ਰਹੀ।

ਮੈਂ ਹੋਰ ਕਿਹਾ ਵੇਖੋ ਮੇਰੇ ਹੱਥ ਵਿੱਚ ਗਲਾਸ ਹੈ। ਹੱਥ ਤੇ ਗਲਾਸ ਦੋਵੇਂ ਸਥੂਲ ਵਸਤਾਂ ਹਨ ਪਰ 'ਮੇਰੇ ਹੱਥ ਵਿੱਚ' ਕਹਿਣ ਵਾਲਾ ਦਿੱਸਦਾ ਨਹੀਂ। ਇਹ ਕੋਈ ਸਰੀਰ ਨਹੀਂ, ਮਨ ਨਹੀਂ ਕੋਈ ਵੱਖਰੀ ਸ਼ੈਅ ਹੈ।

ਜਦੋਂ ਕੋਈ ਕਹੇ ਕਿ 'ਮੇਰੇ ਸਿਰ ਵਿੱਚ ਪੀੜ ਹੈ ਜਾਂ ਅੱਜ ਮੇਰਾ ਮਨ ਦਫਤਰ ਜਾਣ ਨੂੰ ਨਹੀਂ ਕਰਦਾ। 'ਸਿਰ', 'ਮਨ', 'ਮੇਰੇ' ਤੇ 'ਮੇਰਾ' ਕਹਿਣ ਵਾਲੇ ਤੋਂ ਵੱਖਰੇ ਹੋਏ ਨਾ !

ਇਕ ਆਦਮੀ ਗੂੜ੍ਹੀ ਨੀਂਦ ਸੌਂ ਜਾਂਦਾ ਹੈ ਬੜੀ ਹੀ ਗੂੜ੍ਹੀ ਨੀਂਦ, ਉਸਨੂੰ ਸੁਰਤ ਹੀ ਨਹੀਂ ਰਹਿੰਦੀ ਭਾਵੇਂ ਕੋਲ ਕਿੰਨਾ ਹੀ ਖੜਕਾ ਕਰੀ ਜਾਉ। ਜਦੋਂ ਗੂੜ੍ਹੀ ਨੀਂਦ ਤੋਂ ਬਾਦ ਉਠੇਗਾ, ਤਾਂ ਕਹੇਗਾ ਅੱਜ ਤੇ ਕਮਾਲ ਹੋ ਗਿਆ ਇੰਨੀ ਗੂੜ੍ਹੀ ਨੀਂਦ ਆਈ। ਨੀਂਦ ਤਾਂ ਉਸ ਲੈ ਲਈ, ਸਰੀਰ ਤੇ ਮਨ ਸੌਂ ਗਏ ਪਰ ਇਹ ਮਹਿਸੂਸ ਕਰਨ ਵਾਲਾ ਕਿ ਬੜੀ ਗੂੜ੍ਹੀ ਨੀਂਦ ਆਈ ਜਾਗਦਾ ਸੀ। ਜੇਕਰ ਉਹ ਸੂਖਮ ਰੂਪ ਵਿੱਚ ਜਾਗ ਰਿਹਾ ਸੀ ਤਦ ਹੀ ਤਾਂ ਗੂੜ੍ਹੀ ਨੀਂਦ ਦਾ ਅਨੰਦ ਲੈ ਰਿਹਾ ਸੀ। ਜਦੋਂ ਨੀਂਦ ਦਾ ਉਸ ਨੂੰ ਗਿਆਨ ਸੀ, ਇਸ ਦਾ ਭਾਵ ਹੋਇਆ ਕਿ ਉਹ ਚੇਤੰਨ ਸੀ। ਉਹ ਕੌਣ ਹੈ?

ਮੈਂ ਹੋਰ ਸਪੱਸ਼ਟੀਕਰਨ ਲੈਂਦੇ ਹੋਏ ਆਪਣੇ ਮਿੱਤਰ ਨੂੰ ਆਖਿਆ ਕਿ ਇਹ ਜੋ ਉਪਰੋਕਤ ਗੱਲਾਂ ਤੁਸੀਂ ਮੇਰੀ ਬਾਬਤ ਦੱਸੀਆਂ ਹਨ, ਇਹ ਸਾਰੀਆਂ ਸਰੀਰ ਤੇ ਮਨ ਨਾਲ ਸਬੰਧਤ ਹਨ। ਮਨੁੱਖਾ ਜਨਮ ਲਈ ਇਸ ਦੁਨੀਆਂ ਦਾ ਸਫਰ ਕਰਨ ਵਾਸਤੇ, ਜੀਵਨ ਦੇ ਵਿੱਚ, ਕੁਝ ਸਮੇਂ ਲਈ ਇਹ ਨਾਂ, ਪੱਤਾ, ਕਾਰੋਬਾਰ ਆਦਿ ਨਿਸ਼ਾਨੀ ਮਾਤਰ ਆਰਜ਼ੀ ਤੌਰ ਤੇ ਸਾਡੇ ਨਾਲ ਜੁੜੇ ਹੋਏ ਹਨ।

ਜਿਸ ਮਕਾਨ ਵਿੱਚ ਅਸੀਂ ਰਹਿ ਰਹੇ ਹਾਂ, ਉਸ ਵਿੱਚ ਪਹਿਲਾਂ ਕੋਈ ਹੋਰ ਰਹਿੰਦਾ ਸੀ ਇਸੇ ਵਿਚ ਕੱਲ੍ਹ ਨੂੰ ਕੋਈ ਹੋਰ ਵੀ ਰਹਿ ਸਕਦਾ ਹੈ ਅਤੇ ਰਹੇਗਾ। ਇਹ ਮਕਾਨ ਸਾਡਾ ਕਿਵੇਂ ਹੋਇਆ? ਇਹ ਪ੍ਰਬੰਧ ਚਿਰ ਸਥਾਈ ਨਹੀਂ। ਇਕ ਮਕਾਨ ਵਿੱਚ ਰਹਿੰਦੇ ਜੀਵਾਂ ਦਾ ਸਬੰਧ ਵੀ ਸਥਾਈ ਨਹੀਂ। ਇਕ ਦੂਜੇ ਦੇ ਰਿਸ਼ਤੇ ਵੀ ਪੱਕੇ ਨਹੀਂ, ਕਿਸੇ ਵੇਲੇ ਵੀ ਇਨ੍ਹਾਂ ਵਿੱਚ ਤਰੇੜ ਆ ਜਾਂਦੀ ਹੈ। ਕਈ ਤਾਂ ਅੱਧ ਵਿੱਚ ਹੀ ਟੁੱਟ ਜਾਂਦੇ ਹਨ। ਮੈਨੂੰ ਗੁਰਬਾਣੀ ਦੇ ਇਹ ਵਾਕ ਯਾਦ ਆ ਰਹੇ ਹਨ:-

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥**

**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥** (ਅੰਗ - 660)

ਸਾਨੂੰ ਤਾਂ ਪਤਾ ਹੀ ਨਹੀਂ ਕਿ ਸਾਡੀ ਉਮਰ ਕਿੰਨੀ ਹੈ। ਇਸ ਸੰਸਾਰ ਵਿੱਚ ਕਿੰਨੇ ਦਮ ਅਸੀਂ ਲੈਣ ਹਨ, ਕਿੰਨੀ ਸੁਆਸਾਂ ਦੀ ਰਾਸ਼ੀ ਸਾਡੇ ਲਈ ਰੱਖੀ ਗਈ ਹੈ। ਆਦਮੀ ਹਾਂ ਜਦੋਂ ਤਕ ਦਮ ਆਉਂਦਾ ਹੈ, ਸਾਹ ਚਾਲੂ ਹੈ। ਨਹੀਂ ਤਾਂ ਇਹ ਸਰੀਰ ਫੋਕਟ ਕਿਸੇ ਕੰਮ ਦਾ ਨਹੀਂ, ਉਲਟਾ ਬੁਮਾਰਨ ਲੱਗ ਪੈਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਵਸਤੂ, ਜੋ ਹਸਤੀ ਸੰਸਾਰਕ ਚੀਜ਼ਾਂ ਨੂੰ ਆਪਣਾ ਕਹਿੰਦੀ ਹੈ, ਸਰੀਰ ਤੋਂ ਕੰਮ ਲੈਂਦੀ ਹੈ, ਮਨ ਤੇ ਬੁੱਧੀ ਤੋਂ ਕਾਰਜ ਕਰਵਾਉਂਦੀ ਹੈ, ਉਹ ਕੀ ਹੈ?

ਮੈਨੂੰ ਤਾਂ ਉਹੋ ਹੀ ਆਪਣੀ ਅਸਲੀਅਤ ਲੱਗਦੀ ਹੈ, ਹੋਰ ਸਭ ਕੁਝ ਕੂੜ ਭਾਸਦਾ ਹੈ। ਅਸੀਂ ਹਮੇਸ਼ਾ ਹੀ ਆਪਣੇ ਆਪ ਨੂੰ ਮਨ ਸਮਝਦੇ ਹਾਂ ਪਰ ਮਨ ਨੂੰ ਵੀ ਕੋਈ ਆਪਣਾ ਕਹਿ ਰਿਹਾ ਹੈ। ਮਨ ਤੇ ਬੁੱਧੀ ਸਰੀਰ ਨੂੰ ਚਲਾਉਣ ਵਾਲੀਆਂ ਵਸਤਾਂ ਹਨ। ਸਰੀਰਕ ਇੰਦਰੀਆਂ ਇੰਨ੍ਹਾ ਦੇ ਅਧੀਨ ਹਨ। ਜਿਹੋ ਜਿਹਾ ਹੁਕਮ ਕਰਦੇ ਹਨ, ਉਸ ਮੁਤਾਬਕ ਇਹ ਹਰਕਤ ਵਿੱਚ ਆਉਂਦੇ ਹਨ। ਪਰ ਇੰਨ੍ਹਾਂ ਸਾਰੀਆਂ ਚੀਜ਼ਾਂ ਨੂੰ ਵੀ ਚਾਉਣ ਵਾਲੀ ਇਕ ਸ਼ਕਤੀ, ਹਸਤੀ ਕੋਈ ਹੋਰ ਲੱਗਦੀ ਹੈ।

ਮੈਂ ਆਪਣੇ ਮਿੱਤਰ ਨੂੰ ਕਿਹਾ ਕਿ ਆਪਾਂ ਕਿੰਨਾਂ ਹੀ ਝੱਖ ਕਿਉਂ ਨਾ ਮਾਰੀ ਜਾਈਏ, ਆਪਣੇ ਆਪ ਇਸ ਪ੍ਰਸ਼ਨ ਦਾ ਉੱਤਰ ਨਹੀਂ

ਲੱਭ ਸਕਦੇ। ਕੋਈ ਵੀ ਆਮ ਮਨੁੱਖ ਇਸ ਦਾ ਉੱਤਰ ਦੇਣ ਵਿੱਚ ਸਮਰੱਥ ਨਹੀਂ ਹੋਵੇਗਾ। ਮੈਂ ਹੋਰ ਕਈਆਂ ਕੋਲ ਵੀ ਇਹ ਪ੍ਰਸ਼ਨ ਕੀਤਾ, ਪਰ ਹਰ ਕੋਈ ਇੱਧਰ ਉੱਧਰ ਦੀਆਂ ਮਾਰ ਕੇ, ਦਿਮਾਗ ਲੜਾ ਕੇ ਆਖਰ ਨੂੰ ਥੱਕ ਹਾਰ ਜਾਂਦਾ ਹੈ। ਨਾ ਹੀ ਕੋਈ ਮੇਰੀ ਤਸੱਲੀ ਕਰਵਾ ਸਕਿਆ ਅਤੇ ਨਾ ਹੀ ਆਪਣੀ ਕਰ ਸਕਿਆ। ਕੋਈ ਵੀ ਪੂਰਨ ਤੌਰ ਤੇ ਤਸੱਲੀ ਬਖਸ਼ ਉੱਤਰ ਨਹੀਂ ਦਿੰਦਾ।

ਅੱਜ ਦੇ ਯੁੱਗ ਵਿੱਚ ਮੈਨੂੰ ਸੰਸਾਰ ਦੇ ਕਰਤਾ ਪੁਰਖ ਦੀ ਨਿਰੰਕਾਰੀ ਜੋੜ ਸ੍ਰੀ ਗੁਰੂਨਾਨਕ ਦੇਵ ਜੀ ਨਜ਼ਰ ਆ ਰਹੇ ਹਨ ਜੋ ਕਿ ਸ਼ਬਦ ਸਰੂਪ ਗੁਰੂਦੇ ਰੂਪ ਵਿੱਚ ਸਾਡੇ ਕੋਲ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਪ੍ਰਕਾਸ਼ਮਾਨ ਹਨ। ਸਰਬ ਕਲਾ ਸੰਪੂਰਣ, ਆਪ ਨਰਾਇਣ, ਸਰਗੁਣ ਸਰੂਪ ਵਿੱਚ ਇਸ ਮਾਤ ਲੋਕ ਵਿੱਚ ਬਿਰਾਜਮਾਨ ਹਨ। ਚਲੋ ! ਆਪਾਂ ਇੰਨ੍ਹਾਂ ਨਾਲ ਗੱਲ ਕਰੀਏ, ਗੁਰਬਾਣੀ ਦਾ ਪਾਠ ਕਰਕੇ ਇਸ ਵਿੱਚੋਂ ਆਪਣੇ ਪ੍ਰਸ਼ਨ ਦਾ ਉੱਤਰ ਲਭੀਏ।

ਮੇਰੇ ਮਿੱਤਰ ਨੂੰ ਕੁਝ-ਕੁਝ ਗੱਲ ਸਮਝ ਆਉਣ ਲੱਗੀ। ਉਸ ਦੀ ਦਿਲਚਸਪੀ ਵਧੀ ਤੇ ਉਸ ਦੇ ਅੰਦਰੋਂ ਜੋ ਮੇਰੀ ਮਾਨਸਿਕ ਅਵਸਥਾ ਬਾਬਤ ਭੁਲੇਖਾ ਸੀ ਕੁਝ ਦੂਰ ਹੋਇਆ। ਉਸਦੇ ਅੰਦਰ ਵੀ ਇਹ ਜਾਨਣ ਲਈ ਕਿ ਉਹ ਕੌਣ ਹੈ, ਉਤਸੁਕਤਾ ਵੱਧ ਗਈ। ਅਸੀਂ ਲੱਗੇ ਗੁਰਬਾਣੀ ਦੇ ਵਾਕਾਂ ਨੂੰ ਚੇਤੇ ਕਰਨ ਤੇ ਵਿਚਾਰਨ।

ਗੁਰੂਵਾਕ ਹੈ :-

**ਸਾਧੋ ਇਹੁ ਤਨੁ ਮਿਥਿਆ ਜਾਨਉ ॥**

**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥** (ਅੰਗ-1186)

ਇਹ ਸਰੀਰ ਮਿਥਿਆ ਹੈ, ਵਿਨਸਨਹਾਰ ਹੈ ਪਰ ਜਿਸਦਾ ਨਾਮ ਰਾਮ ਹੈ, ਰਾਮ ਦੀ ਜੋਤ ਹੈ, ਉਹ ਸੱਚੀ ਹੈ, ਉਹ ਆਤਮਾ ਇਸ ਸਰੀਰ ਵਿੱਚ ਵਸਦੀ ਹੈ, ਜੋ ਸਾਰੀ ਖੇਡ ਨੂੰ ਸੱਤਾ ਪ੍ਰਦਾਨ ਕਰਦੀ ਹੈ। ਸਤਿ ਵਸਤੂਹੈ, ਬਿਨਸਨਹਾਰ ਨਹੀਂ ਸਰੀਰ ਭਾਵੇਂ ਬਿਨਸ ਜਾਏ, ਪਰ ਉਹ ਸਰੀਰ ਦੇ ਨਾਲ ਨਹੀਂ ਮਰਦੀ। ਅਸਲ ਵਿੱਚ ਜੀਵ ਦੇ ਵਾਦ ਵਿਵਾਦ ਵਾਲੀ ਅਹੰਕਾਰ ਮਈ ਬਿਰਤੀ ਮਰਦੀ ਹੈ:-

**ਕਥਤਾ ਬਕਤਾ ਸੁਨਤਾ ਸੋਈ ॥**

**ਆਪੁ ਬੀਚਾਰੇ ਸੁ ਗਿਆਨੀ ਹੋਈ ॥ਰਹਾਉ ॥**

**ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥**

**ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥** (ਗਉੜੀ ਮਹਲਾ 1, ਅੰਗ-152)

ਜੋਤ ਅਬਿਨਾਸ਼ੀ ਹੈ। ਮਨੁੱਖ ਦੀ ਮੌਤ ਜਿਸਨੂੰ ਅਸੀਂ ਕਹਿੰਦੇ ਹਾਂ, ਵੇਲੇ ਸਰੀਰ ਫੋਕਟ ਹੋ ਜਾਂਦਾ ਹੈ ਪਰ ਇਹ 'ਮੈਂ' ਰਾਮ ਦੀ 'ਜੋੜ' ਆਤਮਾ ਆਪਣੇ ਮੂਲ ਪ੍ਰਮਾਤਮਾ ਵਿੱਚ ਮਿਲ ਜਾਂਦੀ ਹੈ :-

**ਕਉਨੁ ਮੂਆ ਰੇ ਕਉਨੁ ਮੂਆ ॥**

**ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ॥**

**ਇਹੁ ਤਉ ਚਲਤੁ ਭਇਆ ॥** (ਅੰਗ- 885)

ਗੁਰਬਾਣੀ ਵਿੱਚ ਗੁਰੂਜੀ ਬਾਰ-ਬਾਰ ਇਸ ਜੋਤ ਦੀ ਗੱਲ ਕਰਦੇ ਹਨ ਅਤੇ ਇਕ ਅਜਿਹੀ ਸ਼ਕਤੀ ਦੀ ਗੱਲ ਕਰਦੇ ਹਨ ਜੋ ਸਰਬ ਵਿਆਪਕ ਤੇ ਸਰਬ ਸ਼ਕਤੀਮਾਨ ਹੈ:-

**ਜਿਮੀਂ ਜਮਾਨ ਕੇ ਬਿਖੈ ਸਮਸਤ ਏਕ ਜੋੜ ਹੈ।**

**ਨਾ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।**

ਇਹ ਜੋਤ ਜ਼ਰ੍ਹੇ ਜ਼ਰ੍ਹੇ ਵਿਚ ਸਮਾਈ ਹੋਈ ਹੈ। ਘੱਟ ਘੱਟ ਵਿੱਚ ਵਸਦੀ ਹੈ। ਭਿੰਨ -ਭਿੰਨ ਵਸਤਾਂ ਵਿੱਚ ਕੰਮ ਕਰਦੀ ਹੋਈ ਨਜ਼ਰ ਆਉਂਦੀ ਹੋਈ ਵੀ ਅਸਲ ਵਿੱਚ ਇਕੋ ਹੀ ਹੈ। **ੴ** ਦੀ ਜੋਤ ਹੈ। ਇਕ ਸਮਾਨ ਨਿਰੰਤਰ ਇਸਥਿਤ ਰਹਿੰਦੀ ਹੈ। ਨਾ ਘੱਟਦੀ ਹੈ ਨਾ ਵੱਧਦੀ ਹੈ ਤੇ ਨਾ ਘੱਟ ਵੱਧ ਹੁੰਦੀ ਹੈ। ਇਸੇ ਤਰ੍ਹਾਂ ਭਗਤ ਨਾਮਦੇਵ ਜੀ ਆਪਣੀ ਆਸਾ ਰਾਗ ਦੀ ਬਾਣੀ ਵਿੱਚ ਇਸ ਜੋਤ ਦਾ ਜ਼ਿਕਰ ਕਰਦੇ ਹੋਏ ਸਾਨੂੰ ਸਮਝਾਉਂਦੇ ਹਨ ਜਿਸ ਤੋਂ ਭਲੀ ਭਾਂਤ ਇਸ ਸ੍ਰਿਸ਼ਟੀ ਦੀ ਅਤੇ ਆਪਣੇ ਆਪੇ ਦੀ ਸੋਝੀ ਹੁੰਦੀ ਹੈ:-

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥**

**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥1 ॥**

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ। ਗੋਬਿੰਦ ਬਿਨੁ ਨਹੀ ਕੋਈ ॥**

**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥1 ॥ਰਹਾਉ ॥**

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥**

**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥**

**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥**

**ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥**

**ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥**

**ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥** (ਅੰਗ -485)

ਸਾਫ ਸਪਸ਼ਟ ਹੈ ਕਿ ਇਕੋ ਗੋਬਿੰਦ, ਵਾਹਿਗੁਰੂ, ਪ੍ਰਮਾਤਮਾ ਘਟ-ਘਟ ਵਿੱਚ ਸਮੋਇਆ ਹੋਇਆ ਹੈ। ਉਸ ਤੋਂ ਬਗੈਰ ਹੋਰ ਕੁਝ ਸਮਝਣਾ ਮਿਥਿਆ ਹੈ। ਜੋ ਵੀ ਇਸ ਬ੍ਰਹਮੰਡ ਵਿੱਚ ਸਾਨੂੰ ਨਜ਼ਰ ਆ ਰਿਹਾ ਹੈ ਇਹ ਸਭ ਵਸਤੂ, ਜੜ੍ਹ ਹੈ, ਭਾਵੇਂ ਚੇਤਨ, ਕੋਈ ਵੀ ਖਾਲੀ ਨਹੀਂ। ਵਾਹਿਗੁਰੂਜੀ ਸੰਸਾਰ ਵਿੱਚ ਇਸ ਤਰ੍ਹਾਂ ਵਿਆਪਕ ਹਨ ਜਿਵੇਂ ਕੱਪੜੇ ਦਾ ਤਾਣਾ ਪੇਟ ਹੁੰਦਾ ਹੈ, ਇਸਨੂੰ ਤਾਣਾ-ਬਾਣਾ ਵੀ ਕਹਿੰਦੇ ਹਨ। ਇਕ ਧਾਰਾਾ ਸਿੱਧਾ ਲੰਬੇ ਪਾਸੇ ਨੂੰ ਜੋ ਪਾਇਆ ਜਾਂਦਾ ਹੈ, ਕੱਪੜਾ ਬੁਣਨ ਵਾਲੇ, ਉਸਨੂੰ ਤਾਣਾ ਕਹਿੰਦੇ ਹਨ ਅਤੇ ਦੂਜਾ ਧਾਗਾ ਜੋ ਦੂਜੇ ਪਾਸੇ (ਚੌੜੇ ਪਾਸੇ) ਇਕ-ਇਕ ਤਾਰ ਕਰਕੇ ਪਾਇਆ ਜਾਂਦਾ ਹੈ ਉਸਨੂੰ ਪੇਟਾ ਜਾਂ ਬਾਣਾ ਕਿਹਾ ਜਾਂਦਾ ਹੈ ਤਦ ਜਾ ਕੇ ਕੱਪੜਾ ਬਣਦਾ ਹੈ। ਸਾਰੇ ਪਾਸੇ, ਹਰ ਨੁੱਕਰ ਵਿੱਚ, ਦਸਾਂ ਦਿਸ਼ਾਂ ਵਿੱਚ ਉਸ ਪ੍ਰਭੂਦੀ ਜੋਤ ਪਰੋਈ ਹੋਈ ਹੈ:-

**ਸਭ ਮਹਿ ਜੋਤਿ ਜੋਤਿ ਹੈ ਸੋਇ ॥**

**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥**

**ਗੁਰ ਸਾਖੀ ਜੋਤਿ ਪਰਗਟੁ ਹੋਇ ॥**

**ਜੋ ਤਿਸੁ ਭਾਵੈ ਸੁ ਆਰਤੀ ਹੋਇ ॥** (ਧਨਾਸਰੀ ਮਹਲਾ 1, ਅੰਗ-663)

ਸਭ ਕਾਸੇ ਦੇ ਅੰਦਰ ਇਕ ਜੋਤ ਹੈ। ਇਨਸਾਨ ਦੇ ਅੰਦਰ ਵੀ ਇਹ ਜੋਤ ਹੈ। ਸਾਡੀ ਚੇਤਨ ਅਵਸਥਾ ਇਸੇ ਕਾਰਨ ਹੈ। ਸਾਡੇ ਅੰਤਹਕਰਨ ਵਿੱਚ ਇਸੇ ਜੋਤ ਦਾ ਚਾਨਣ ਹੈ। ਸ੍ਰੀ ਗੁਰੂਗੋਬਿੰਦ ਸਿੰਘ ਜੀ ਦੀ ਬਾਣੀ ਹੈ:-

**ਜਲੇ ਹਰੀ ॥ਥਲੇ ਹਰੀ ॥ਉਰੇ ਹਰੀ ॥ਬਨੇ ਹਰੀ ॥**

**ਗਿਰੇ ਹਰੀ ॥ਗੁਫੇ ਹਰੀ ॥ਛਿਤੇ ਹਰੀ ॥ਨਭੇ ਹਰੀ ॥**

**ਈਹਾਂ ਹਰੀ ॥ਊਹਾਂ ਹਰੀ ॥ਜਿਮੀ ਹਰੀ ॥ਜਮਾ ਹਰੀ ॥**

**ਕੋਈ ਐਸੀ ਥਾਂ ਨਹੀਂ ਜਿੱਥੇ ਕਿ, ਹਰੀ ਪ੍ਰਭੂ ਨਹੀਂ ਵਸਦੇ ।**

**ਪ੍ਰਮਾਤਮਾ ਹੈ ॥ਸਰਬ ਆਤਮ ਹੈ ॥ ਆਤਮ ਬਸ ਹੈ ॥ਜਸ ਕੇ ਜਸ ਹੈ ॥** (ਜਾਪੁ ਸਾਹਿਬ)

ਸਭ ਕੁਝ ਪ੍ਰਮਾਤਮਾ ਹੀ ਹੈ। ਸਭ ਉਸੀ ਦੀ ਅੰਸ਼ ਹੈ। ਉਸ ਇਕ ਪਰਮ ਆਤਮਾ ਤੋਂ ਹੋਰ ਸਭ ਆਤਮਾਵਾਂ ਪੈਦਾ ਹੋਈਆਂ ਹਨ। ਇਹ ਉਹ ਹੀ ਜੋਤ ਹੈ ਜਿਸਨੂੰ ਸ੍ਰੀ ਗੁਰੂਨਾਨਕ ਦੇਵ ਜੀ ਨੇ ਸ੍ਰੀ ਰਾਗ ਵਿੱਚ ਸ੍ਰਿਸ਼ਟੀ ਦੀ ਉਤਪਤੀ ਬਾਬਤ ਫੁਰਮਾਇਆ ਹੈ :-

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**

**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥** (ਅੰਗ-19)

ਵਾਹਿਗੁਰੂਨੇ ਪਹਿਲਾਂ ਹਵਾ ਬਣਾਈ, ਹਵਾ ਤੇ ਪਾਣੀ ਤੋਂ ਸਾਰੇ ਸੰਸਾਰ ਦੀ ਰਚਨਾ ਕੀਤੀ ਅਤੇ ਸਾਰੇ ਸੰਸਾਰ ਵਿੱਚ ਉਸਦੀ ਜੋਤ ਪਰੀਪੂਰਨ ਹੈ।

ਹੁਣ ਅਸੀਂ ਆਪਣੇ ਪ੍ਰਸ਼ਨ ਨੂੰ, ਖਿਆਲ ਵਿੱਚ ਲਿਆਉਂਦੇ ਹਾਂ, ਉਹ ਕੌਣ ਹੈ, ਤੁਸੀ ਕੌਣ ਹੋ ਤੇ ਮੈਂ ਕੌਣ ਹਾਂ, ਅਸਲ ਵਿੱਚ ਇਹ ਤਿੰਨੇ ਪ੍ਰਸ਼ਨ ਇਕ ਹੀ ਹਨ, ਜਿਸਦਾ ਭਾਵ ਨਿਖਰ ਕੇ ਸਾਹਮਣੇ ਆ ਰਿਹਾ ਹੈ।

ਇਸੇ ਤਰ੍ਹਾਂ ਸੱਚੇ ਦੀ ਜੋਤ ਹਵਾ, ਪਾਣੀ ਅਤੇ ਸਾਰੀ ਤ੍ਰਿਭਵਨ ਸ੍ਰਿਸ਼ਟੀ ਧਰਤ-ਪਤਾਲ ਅਕਾਸ਼ ਵਿੱਚ ਸਮੋਈ ਹੋਈ ਹੈ:-

**ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥**

**ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥** (ਮਾਰੂ 1, ਅੰਗ-1030)

ਇਹੋ ਹੀ ਜੋਤ ਹੈ ਜਿਸਨੂੰ ਸਮਝਣ ਦੀ ਲੋੜ ਹੈ ਅਤੇ ਇਸੇ ਵਿੱਚੋਂ ਹੀ ਸਾਡੇ ਪ੍ਰਸ਼ਨਾਂ ਦਾ ਉੱਤਰ ਸਮਝਣ ਵਿੱਚ ਮਦੱਦ ਮਿਲੇਗੀ :-

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥** (ਅੰਗ-684)

**ਅਨੰਦ ਸਾਹਿਬ ਦੀ ਬਾਣੀ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਸਮਝਾਉਂਦੇ ਹਨ :-**

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**
**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**
**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**
**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**
**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ**
**ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥** (ਅੰਗ-921)

ਜਦੋਂ ਪ੍ਰਮਾਤਮਾ ਨੇ ਇਸ ਸੰਸਾਰ ਵਿੱਚ ਆਪਣੀ ਜੋਤ ਪਾਈ ਤਾਂ ਅਸੀਂ ਸੰਸਾਰ ਵਿੱਚ ਪੈਦਾ ਹੋਏ। ਜੋਤ ਕਰਕੇ ਹੀ ਅਸੀਂ ਚੇਤਨ ਸਰੂਪ ਵਿੱਚ ਵਿਚਰ ਰਹੇ ਹਾਂ, ਪਰ ਇਸ ਗੱਲ ਤੋਂ ਅਸੀਂ ਅਵੇਸਲੇ ਹੋ ਗਏ ਹਾਂ। ਤਾਹੀਉਂ ਤਾਂ ਸਾਨੂੰ ਭੁੱਲੇ ਭਟਕੇ ਮਨੁੱਖਾਂ ਨੂੰ ਸਤਿਗੁਰੂ ਜੀ ਇਸ ਜੋਤ ਨੂੰ ਪਛਾਨਣ ਲਈ ਪ੍ਰੇਰਦੇ ਹਨ।

ਸਰੀਰ ਤੇ ਆਤਮਾ ਦੇ ਸੁਮੇਲ ਨੂੰ ਮਨੁੱਖ ਕਿਹਾ ਜਾਂਦਾ ਹੈ। ਸਰੀਰ ਤੇ ਸੂਖਮ ਸਰੀਰ (ਮਨੁੱਖ ਦਾ ਅੰਤਸ਼ਕਰਨ) ਮਿਲਕੇ ਜੀਵ ਆਤਮਾ ਬਣਦੇ ਹਨ। ਆਤਮਾ ਨੂੰ ਸਾਡਾ ਅਸਲਾ ਦੱਸਿਆ ਜਾਂਦਾ ਹੈ।

ਤੁਸੀਂ ਆਪਣੇ ਸਰੀਰ ਦੀ ਜਾਣਕਾਰੀ ਵੀ ਬਹੁਤ ਥੋੜ੍ਹੀ ਰੱਖਦੇ ਹੋ। ਮਨ ਨੂੰ ਕੁਝ ਪਛਾਣਦੇ ਹਾਂ ਪਰ ਜੋਤ ਨੂੰ ਅਸੀਂ ਨਹੀਂ ਜਾਣਦੇ ਅਤੇ ਜਾਨਣ ਦੀ ਕੋਸ਼ਿਸ। ਵੀ ਨਹੀਂ ਕਰਦੇ। ਮਨ ਦੇ ਨਾਲ ਮਿਲ ਕੇ ਆਤਮਾ (ਜੋਤ) ਵਿਸ਼ੇ ਵਿਕਾਰਾਂ ਵਿੱਚ ਖੱਚਤ ਹੋ ਜਾਂਦੀ ਹੈ। ਇਸੇ ਲਈ ਮਨ ਨੂੰ ਸਮਝਾਉਣੀ ਕੀਤੀ ਗਈ ਹੈ ਕਿ ਆਪਣੀ ਮੂਲ ਜੋਤ (ਆਤਮਾ) ਨੂੰ ਪਛਾਣ ਕੇ ਨਿਰਮਲ ਹੋ ਜਾਵੇਗਾ :-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤਿ ਰੰਗੁ ਮਾਣੁ ॥**
**ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥**
**ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥** (ਆਸਾ ਛੰਤ ਮ: 3, ਅੰਗ-441)

ਐ ਮਨ ! ਤੂੰ ਉਸ ਵਹਿਗੁਰੂ ਦੀ ਜੋਤ ਦਾ ਸਰੂਪ ਹੈ, ਪਛਾਣ ਕਰਕੇ ਤੈਨੂੰ ਪਤਾ ਲੱਗੇਗਾ ਕਿ ਵਾਹਿਗੁਰੂ ਜੀ ਸਦਾ ਤੇਰੇ ਨਾਲ ਹਨ ਅਤੇ ਤੈਨੂੰ ਆਪਣੇ ਜਨਮ ਮਰਨ ਦੀ ਸੋਝੀ ਹੋ ਜਾਵੇਗੀ। ਤੇਰੇ ਸਾਰੇ ਡਰ ਤੇ ਭੈਅ ਮੁੱਕ ਜਾਣਗੇ।

ਇਹ ਜੋਤ ਵਾਹਿਗੁਰੂ ਦੀ ਅੰਸ਼ ਹੈ। ਇਸ ਦਾ ਨਾਂ ਆਤਮਾ ਹੈ। ਇਹ ਪ੍ਰਮਾਤਮਾ ਨਹੀਂ। ਇਸ ਵਿੱਚ ਸਾਰੇ ਗੁਣ ਅੰਸ਼ਿਕ ਰੂਪ ਵਿੱਚ ਪ੍ਰਮਾਤਮਾ ਵਾਲੇ ਹਨ। ਇਸ ਆਤਮਾ ਤੋਂ ਹੀ ਮਨ ਤੇ ਬੁੱਧ ਨੂੰ ਸਕਤੀ ਮਿਲਦੀ ਹੈ। ਆਤਮਾ ਚੇਤਨ ਹੈ। ਇਹ ਸਾਡਾ ਆਪਾ ਹੈ। 'ਅਹੰ' ਨੂੰ ਤਿਆਗ ਕੇ ਜੇਕਰ ਆਪਣੇ ਮੂਲ ਸਰੋਤ ਨੂੰ ਚੀਨਣ ਦੀ ਕੋਸ਼ਿਸ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਸਾਡਾ ਮੂਲ ਹੈ। ਇਹੋ 'ਮੈਂ' ਹਾਂ, ਇਹੋ 'ਉਹ' ਹੈ, ਇਹੋ 'ਤੁਸੀ' ਹੋ।

ਚਾਰ ਵੇਦਾਂ ਵਿੱਚ ਇਸ ਆਤਮਾ ਸਬੰਧੀ ਚਾਰ ਵਾਕ ਇਸ ਤਰ੍ਹਾਂ ਦੇ ਹਨ :-

| | | |
|---|---|---|
| **ਯਜੁਰਵੇਦ** | - | **ਅਹੰ ਬ੍ਰਹਮ ਅਸਮੀ**<br>(ਮੈਂ ਹੀ ਬ੍ਰਹਮ ਹੂੰ) |
| **ਸਾਮਵੇਦ** | - | **ਤਤੁ ਤੁਵੰਸਮੀ**<br>(ਤੂੰ ਉਹੀ ਬ੍ਰਹਮ ਹੈਂ) |
| **ਅਥਰਵੇਦ** | - | **ਏਇਮ ਆਤਮ ਬ੍ਰਹਮ**<br>(ਇਹ ਆਤਮਾ ਹੀ ਬ੍ਰਹਮ ਹੈ) |
| **ਰਿਗਵੇਦ** | - | **ਪਰ ਗਿਆਨੰਤ ਅਨੰਮੰ ਬ੍ਰਹਮ**<br>(ਗਿਆਨ ਜੋ ਅਨੰਤ ਹੈ, ਹੀ ਬ੍ਰਹਮ ਹੈ) |

ਆਤਮਾ ਤੇ ਬ੍ਰਹਮ ਪ੍ਰਤੀ ਇਸ ਵਿਆਖਿਆ ਦਾ ਭਾਵ ਤਾਂ ਇਕੋ ਹੀ ਹੈ। 'ਮੈਂ' 'ਤੂੰ' 'ਉਹ' ਅਤੇ ਉਸਦਾ ਗਿਆਨ ਸਭ ਓਤ ਪੋਤ ਹੈ।

ਪਰ ਉਪਰੋਕਤ ਵਾਕ ਭੁਲੇਖਾ ਪਾਉਣ ਅਤੇ ਹਉਮੈ ਪੈਦਾ ਕਰਨ ਵਾਲੇ ਹਨ। ਯਜੁਰਵੇਦ ਦੇ ਮੁਤਾਬਿਕ ਜੋ ਬੰਦਾ ਆਪਣੇ ਆਪ ਨੂੰ ਹੀ ਬ੍ਰਹਮ ਸਮਝਣ ਲੱਗ ਜਾਵੇ ਤਾਂ ਉਸ ਵਿੱਚ ਹਉਮੈ ਦਾ ਪ੍ਰਵੇਸ਼ ਹੋ ਜਾਣਾ ਲਾਜ਼ਮੀ ਹੈ।

ਗੁਰਬਾਣੀ ਅਨੁਸਾਰ ਹਉਮੈ, ਆਤਮਾ ਤੇ ਪ੍ਰਮਾਤਮਾ ਦੇ, ਆਪਣਾ ਮੂਲ ਪਛਾਨਣ ਦੇ ਰਸਤੇ ਵਿੱਚ ਬੜੀ ਵੱਡੀ ਰੁਕਾਵਟ ਹੈ। ਗੁਰਬਾਣੀ ਦਾ ਪ੍ਰਭਾਵ ਬੜਾ ਸਿੱਧਾ ਸਾਦਾ ਸਮਝ ਵਿੱਚ ਅਉਣ ਵਾਲਾ ਹੈ, ਹਉਮੈ ਤੋਂ ਰਹਿਤ ਹੈ। ਗੁਰਬਾਣੀ ਸਿਧਾਂਤ ਦੀ ਵਿਆਖਿਆ ਹੇਠਾਂ ਦਿੱਤੇ ਵਾਕਾਂ ਤੋਂ ਸਪਸ਼ਟ ਹੁੰਦੀ ਹੈ :-

**ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥**
**ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥** (ਅੰਗ-726)

ਯਥਾ

**ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥** (ਅੰਗ-1291)

ਯਥਾ

**ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥**
**ਆਤਮਾ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥**

(ਕਲਿਆਣ ਮ: 4, ਅੰਗ-1325)

ਸੋ ਅਸੀਂ ਆਤਮਾ ਹਾਂ। ਪਰਮ ਆਤਮਾਂ ਦੀ ਅੰਸ਼ ਹਾਂ। ਕਬੀਰ ਸਾਹਿਬ ਬੜੇ ਹੀ ਸਪਸ਼ਟ ਸ਼ਬਦਾਂ ਵਿੱਚ ਆਪਣੀ ਬਾਣੀ ਰਾਹੀਂ ਇਸ ਰਾਮ ਦੇ ਅੰਸ਼ ਦੇ ਗੁਣ ਫੁਰਮਾਉਂਦੇ ਹਨ :-

**ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ ॥**
**ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥**
**ਇਆ ਮੰਦਰ ਮਹਿ ਕੌਨ ਬਸਾਈ ॥ ਤਾ ਕਾ ਅੰਤੁ ਨ ਕੋਊ ਪਾਈ ॥** (ਅੰਗ-871)

ਇਹੋ ਹੀ ਪ੍ਰਸ਼ਨ ਉਠਾਉਂਦੇ ਹਨ ਕਿ ਇਸ ਮੰਦਰ (ਸਰੀਰ) ਵਿੱਚ ਕੌਣ ਵੱਸਦਾ ਹੈ। ਉਹ ਵੱਸਣ ਵਾਲੇ ਦੀ ਸਿਫਤ ਹੈ, ਕਿ ਉਹ ਨਾ ਤਾਂ ਆਦਮੀ ਹੈ ਅਤੇ ਨਾ ਹੀ ਦੇਵਤਾ, ਕੋਈ ਜਤੀ ਵੀ ਨਹੀਂ ਅਤੇ ਜੋਗੀ (ਸ਼ਿਵ ਜੀ ਦਾ ਭਗਤ) ਨਹੀਂ ਇਸ ਦਾ ਨਾ ਕੋਈ ਬਾਪ ਹੈ ਅਤੇ ਨਾ ਕੋਈ ਪੁੱਤਰ ਹੈ। ਇਸ ਤਰ੍ਹਾਂ ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ :-

**ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥**
**ਨਾ ਇਸੁ ਪਿੰਡੁ ਨ ਰਕਤੂ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥**

**ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥**

**ਇਸੁ ਮਰਤੇ ਕਉ ਜੋ ਕੋਊ ਰੋਵੈ ॥ਜੋ ਰੋਵੈ ਸੋਈ ਪਤਿ ਖੋਵੈ ॥**

**ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥ਜੀਵਨ ਮਰਨ ਦੋਊ ਮਿਟਵਾਇਆ ॥**

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ** (ਕਬੀਰ ਗੌਂਡ, ਅੰਗ-871)

ਆਤਮਾ ਗ੍ਰਹਸਥ ਜਾਂ ਉਦਾਸੀ ਵੀ ਨਹੀਂ ਹੈ। ਰਾਜਾ ਜਾਂ ਭਿਖਾਰੀ ਨਹੀਂ। ਕਿਸੇ ਜਾਤੀ, ਕੁਲ ਵਾਲਾ ਨਹੀਂ, ਸਰੀਰ ਤੇ ਲਹੂ ਵੀ ਇਸ ਵਿੱਚ ਨਹੀਂ ਹਨ। ਜੰਮਦਾ ਮਰਦਾ ਵੀ ਨਹੀਂ।

ਤਾਂ ਫੇਰ ਇਹ ਹੋਇਆ ਕੀ ਇਸ ਵਸਤੂ ਦਾ ਨਾਂ ਕੀ ਹੈ? ਕਬੀਰ ਸਾਹਿਬ ਆਖਦੇ ਹਨ ਕਿ ਭਾਈ ! ਸਤਿਗੁਰੂ ਦੀ ਕਿਰਪਾ ਸਦਕਾ ਇਹ ਭੇਦ ਖੁੱਲ੍ਹਿਆ ਹੈ ਕਿ ਇਸ ਸਰੀਰ ਵਿੱਚ ਵੱਸਣ ਵਾਲਾ ਰਾਮ (ਵਹਿਗੁਰੂ) ਦੀ ਇਕ ਅੰਸ਼ ਹੈ। ਸੋ ਅਸੀਂ ਆਤਮਾ ਹਾਂ। ਸਾਡਾ ਵਾਹਿਗੁਰੂ ਜੀ ਨਾਲ ਇਸ ਤਰ੍ਹਾਂ ਦਾ ਰਿਸ਼ਤਾ ਹੈ, ਜਿਵੇਂ:-

**ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ**

**ਨਿਆਰੇ ਨਿਆਰੇ ਹੁਇ ਕੈ ਫੇਰ ਆਗ ਮੈ ਮਿਲਾਹਿਗੇ ॥**

**ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ**

**ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ ॥**

**ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ**

**ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ॥**

**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ**

**ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ ॥** (ਅਕਾਲ ਉਸਤਤਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ)

ਸੂਰਜ ਇਕ ਹੈ, ਉਸ ਵਿੱਚੋਂ ਅਨੇਕਾਂ ਕਿਰਨਾਂ ਨਿਕੱਲ ਕੇ ਧਰਤੀ ਤੇ ਪੈਂਦੀਆਂ ਹਨ। ਜੇਕਰ ਵਾਹਿਗੁਰੂ ਜੀ ਨੂੰ ਇਕ ਸੂਰਜ ਮੰਨ ਲਈਏ ਤਾਂ ਕਿਰਨ ਇਕ ਆਤਮਾ ਦੀ ਨਿਆਈਂ ਹੈ।

ਸਮੁੰਦਰ ਇਕ ਹੈ, ਉਸ ਵਿੱਚੋਂ ਅਨੇਕਾਂ ਹੀ ਲਹਿਰਾਂ ਤੇ ਬੁਲਬੁਲੇ ਉੱਠਦੇ ਹਨ। ਜੇਕਰ ਸਾਗਰ ਨੂੰ ਪ੍ਰਮਾਤਮਾ ਮੰਨ ਲਈਏ ਤਾਂ ਉਸ ਵਿੱਚੋਂ ਉੱਠੀ ਹੋਈ ਇਕ ਲਹਿਰ ਆਤਮਾ ਦੀ ਤਰ੍ਹਾਂ ਹੀ ਹੈ।

ਅੱਗ ਦੀ ਭਬੱਕਾ ਇਕ ਹੈ, ਉਸ ਵਿੱਚੋਂ ਅਨੇਕਾਂ ਹੀ ਚੰਗਿਆੜੀਆਂ ਨਿਕਲਦੀਆਂ ਹਨ। ਅੱਗ ਦੀ ਲਾਟ ਨੂੰ ਜੇਕਰ ਅਕਾਲ ਪੁਰਖ ਕਹਿ ਲਈਏ ਤਾਂ ਉਸ ਵਿੱਚੋਂ ਨਿਕਲੀ ਇਕ ਚੰਗਿਆੜੀ ਆਤਮਾ ਹੈ।

ਇਕ ਮਿੱਟੀ ਤੋਂ ਜਿਵੇਂ ਅਨੇਕਾਂ ਹੀ ਧੂੜ ਦੇ ਕਿਣਕੇ ਉੱਠ ਕੇ ਫੇਰ ਧੂੜ ਵਿੱਚ ਹੀ ਸਮਾ ਜਾਂਦੇ ਹਨ। ਮਿੱਟੀ ਦੇ ਰਸਤੇ ਦੀ ਭੁਬੱਲ ਇਕ ਹੈ ਪਰ ਉਸ ਵਿੱਚੋਂ ਅਨੇਕਾਂ ਹੀ ਕਿਣਕੇ ਉੱਠਦੇ ਹਨ, ਠੀਕ ਉਸੇ ਤਰ੍ਹਾਂ ਪ੍ਰਮਾਤਮਾ ਇਕ ਹੈ ਅਤੇ ਉਸ ਵਿੱਚੋਂ ਕਿੰਨੀਆਂ ਹੀ ਆਤਮਾਵਾਂ ਜਨਮ ਲੈਂਦੀਆਂ ਹਨ।

ਇਸ ਪ੍ਰਮਾਤਮਾ ਤੋਂ ਅਨੇਕਾਂ ਜੀਵ ਆਤਮਾਵਾਂ ਪੈਦਾ ਹੁੰਦੀਆਂ ਹਨ ਅਤੇ ਪ੍ਰਮਾਤਮਾ ਜੈਸੇ ਹੀ ਗੁਣ ਅੰਸ਼ਿਕ ਰੂਪ ਵਿੱਚ ਆਪਣੇ 'ਚ ਰੱਖਦੀਆਂ ਹਨ। ਅੰਸ਼ ਹੈ, ਇਸੇ ਲਈ ਗੁਣ ਵੀ ਅੰਸ਼ਿਕ ਹਨ, ਇਹੋ ਹੀ ਕਾਰਨ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸ ਆਤਮਾ ਹੇਠ ਲਿਖੇ ਗੁਰਵਾਕ ਤੋਂ ਭਲੀ ਭਾਂਤ ਸਮਝ ਆ ਜਾਂਦੇ ਹਨ:-

**ਅਚਰਜ ਕਥਾ ਮਹਾ ਅਨੂਪ ॥ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ ॥**

**ਨਾ ਇਹੁ ਬੂਢਾ ਨਾ ਇਹੁ ਬਾਲਾ ॥ਨਾ ਇਸੁ ਦੂਖੁ ਨਹੀ ਜਮ ਜਾਲਾ ॥**

**ਨਾ ਇਹੁ ਬਿਨਸੈ ਨਾ ਇਹੁ ਜਾਇ ॥ਆਦਿ ਜੁਗਾਦੀ ਰਹਿਆ ਸਮਾਇ ॥**

**ਨਾ ਇਸੁ ਉਸਨੁ ਨਹੀ ਇਸੁ ਸੀਤੁ ॥ਨਾ ਇਸੁ ਦੁਸਮਨੁ ਨਾ ਇਸੁ ਮੀਤੁ**

**ਨਾ ਇਸੁ ਹਰਖੁ ਨਹੀ ਇਸੁ ਸੋਗੁ ॥ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥**

**ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰ ਹੋਤਾ ਆਇਆ ॥**

**ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥** (ਗੋਂਡ ਮ: 5, ਅੰਗ - 868)

ਇਸ ਆਤਮਾ ਦੇ ਗੁਣ ਹਨ :-

ਆਤਮਾ ਦੀ ਕਥਾ ਬੜੀ ਅਨੂਪ ਹੈ। ਸੁੰਦਰ ਹੈ। ਅਸਚਰਜ ਹੈ। ਵਿਸਮਾਦ ਕਰਨ ਵਾਲੀ ਹੈ। ਇਹ ਪਾਰਬ੍ਰਹਮ ਵਾਗਿਗੁਰੂ ਦਾ ਹੀ ਰੂਪ ਹੈ। ਨਾ ਇਹ ਕਦੇ ਬਾਲਕ ਤੇ ਨਾ ਹੀ ਕਦੇ ਬੁੱਢੀ ਹੁੰਦੀ ਹੈ। ਇਸ ਨੂੰ ਕਦੇ ਕੋਈ ਦੁੱਖ ਨਹੀਂ ਪੋਂਹਦਾ । ਨਾ ਹੀ ਇਸਦਾ ਜਨਮ ਮਰਨ ਹੁੰਦਾ ਹੈ। ਇਹ ਸਦਾ ਸਦਾ ਆਦਿ ਜੁਗਾਦਿ ਤੋਂ ਕਾਇਮ ਹੈ। ਇਸਨੂੰ ਗਰਮੀ ਸਰਦੀ ਵੀ ਨਹੀਂ ਲਗਦੀ। ਇਸਦਾ ਕੋਈ ਮਿੱਤਰ ਦੁਸ਼ਮਣ ਵੀ ਨਹੀਂ। ਪਾਪ ਪੁੰਨ ਦਾ ਵੀ ਇਸ ਉੱਤੇ ਕੋਈ ਅਸਰ ਨਹੀਂ। ਇਸਦਾ ਕੋਈ ਜਨਨਹਾਰਾ (ਮਾਂ-ਬਾਪ) ਨਹੀਂ। ਇਹ ਹਮੇਸ਼ਾ ਹੀ ਹਰੇਕ ਦੇ ਹਿਰਦੇ ਵਿੱਚ ਚੇਤੰਨ ਰੂਪ 'ਚ ਕਾਇਮ ਰਹਿੰਦੀ ਹੈ। ਸੋ ਜੇਕਰ ਅਸੀਂ ਆਪਣੀ ਆਤਮਾ ਦਾ ਚਿੰਤਨ ਕਰਕੇ ਉਸਦੀ ਪਛਾਣ ਕਰ ਲਵਾਂਗੇ ਤਾਂ ਉਪਰੋਕਤ ਬਿਆਨੇ ਸਾਰੇ ਗੁਣਾ ਦੇ ਮਾਲਕ ਬਣ ਜਾਵਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :-

**ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥**

**ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥** (ਅੰਗ - 1010)

ਇਸ ਨਗਰੀ (ਸਰੀਰ) ਦਾ ਜੋ ਨਾਇਕ ਮਾਲਕ ਹੈ, ਉਹ ਬੜਾ ਹੀ ਸੁੰਦਰ ਜੋਬਨ ਵਾਲਾ ਹੈ। ਉਹ ਚੇਤਨ ਸਰੂਪ, ਨਾ ਨਾਰੀ ਹੈ ਅਤੇ ਨਾ ਹੀ ਮਨੁੱਖ ਹੈ, ਪਰ ਉਹ ਸਦਾ ਚੇਤੰਨ ਰਹਿਣ ਵਾਲੀ ਹਸਤੀ ਹੈ। ਸੋ ਸਾਡੀ ਅਸਲੀਅਤ ਇਹ ਹੋਈ ਕਿ ਅਸੀਂ ਆਤਮਾ ਹਾਂ, ਰਾਮ ਦੀ ਅੰਸ਼ ਹਾਂ।

ਅਫਸੋਸ ਹੈ ਕਿ ਸਾਨੂੰ ਆਪਣੇ ਆਪੇ ਦੀ ਪਛਾਣ ਲਈ ਕੋਈ ਲਾਲਸਾ ਨਹੀਂ, ਕੋਈ ਧਿਆਨ ਨਹੀਂ, ਅਸੀਂ ਕੋਈ ਉਪਰਾਲਾ ਨਹੀਂ ਕਰਦੇ। ਵਾਂਝੇ ਹਾਂ ਅਸੀਂ ਆਪਣੇ ਚੇਤੰਨ ਸਰੂਪ ਦੇ ਦਰਸ਼ਨ ਕਰਨ ਤੋਂ ਗੁਰਬਾਣੀ ਵਾਕ ਹਨ :-

**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥** (ਭੈਰਉ ਮ: 1, ਅੰਗ-1153)

ਆਪਣੀ ਆਤਮਾ ਦੇ ਦਰਸ਼ਨ ਕਰਕੇ ਪ੍ਰਮਾਤਮਾ ਦੇ ਦਰਸ਼ਨ ਤਕ ਪਹੁੰਚ ਜਾਵਾਂਗੇ। ਪ੍ਰਮਾਤਮਾ ਮਿਲ ਜਾਏਗਾ। ਜਨਮ ਸਫਲਾ ਹੋ ਜਾਵੇਗਾ।

ਇਸ ਤਰ੍ਹਾਂ 'ਮੈਂ ਕੌਣ ਹਾਂ?' ਪ੍ਰਸ਼ਨ ਦਾ ਉੱਤਰ ਗੁਰਬਾਣੀ ਦੀ ਵਿਚਾਰ ਤੋਂ ਬਾਦ ਸਮਝ ਵਿੱਚ ਆਇਆ। ਪੂਰਨ ਤਸੱਲੀ ਹੋਈ। ਸ਼ਾਂਤੀ ਮਿਲੀ ਤੇ ਆਪਣੇ ਅਸਲੇ ਨਾਲ ਮਿਲਣ ਦੀ ਉਤਸੁਕਤਾ ਵੱਧੀ। ਸਮਝ ਆਈ ਕਿ ਗੁਰੂ ਸ਼ਬਦ ਦੇ ਸਿਮਰਨ ਰਾਹੀਂ ਹੀ ਆਪਣੇ ਮੂਲ ਦੀ ਪਛਾਣ ਤੇ ਉਸਨੂੰ ਨੂੰ ਮਿਲਿਆ ਜਾ ਸਕਦਾ ਹੈ। ਆਪਣੇ ਆਪ ਨੂੰ ਸਮਝਿਆ ਜਾ ਸਕਦਾ ਹੈ।

## ਮੇਰਾ ਪੱਕਾ ਤੇ ਅਸਲੀ

ਜਦੋਂ ਇਹ ਸਮਝ ਆ ਗਈ ਕਿ ਮੈਂ ਕੌਣ ਹਾਂ ! ਇਹ ਸਮਝ ਆ ਗਈ ਕਿ ਹਰੇਕ ਜੀਵ-ਆਤਮਾ ਬ੍ਰਹਮ ਦੀ ਅੰਸ਼ ਹੈ, ਹੁਣ ਵਿਚਾਰ ਦਾ ਵਿਸ਼ਾ ਬਣਦਾ ਹੈ ਕਿ ਇਸ ਆਤਮਾ ਦਾ ਅਸਲੀ ਘਰ ਕਿਹੜਾ ਹੈ? ਇਹ ਕਿੱਥੇ ਦੀ ਵਾਸੀ ਹੈ?

**ਨਕਲੀ ਘਰ :-** ਪਹਿਲੀ ਵਾਰ ਤੁਹਾਡੀ ਮਿਲਣੀ ਕਿਸੇ ਅਣਪਛਾਤੇ ਬੰਦੇ ਨਾਲ ਹੋ ਜਾਵੇ, ਸੁਭਾਵਿਕ ਹੀ ਤੁਸੀਂ ਉਸਨੂੰ ਪਹਿਲਾ ਪ੍ਰਸ਼ਨ ਹੀ ਇਹ ਕਰੋਗੇ, ਤੁਸੀ ਕਿੱਥੇ ਦੇ ਰਹਿਣ ਵਾਲੇ ਹੋ ਜੀ? ਤੁਹਾਡਾ ਦੌਲਤਖਾਨਾ ਕਿਹੜੇ ਸ਼ਹਿਰ ਜਾਂ ਪਿੰਡ ਵਿੱਚ ਹੈ? ਉਹ ਜੀਵ ਜਿੱਥੇ ਰਹਿੰਦਾ ਹੋਵੇਗਾ (ਫਰਜ਼ ਕਰੋ ਪਟਿਆਲੇ ਦਾ) ਉੱਤਰ ਦੇਵੇਗਾ, ਜੀ ਮੈਂ ਪਟਿਆਲੇ ਦਾ ਰਹਿਣ ਵਾਲਾ ਹਾਂ। ਫੇਰ ਪੁੱਛੋਗੇ ਪਟਿਆਲੇ ਕਿਹੜੇ ਮੁੱਹਲੇ ਜਾਂ ਨਗਰ ਵਿੱਚ ਰਹਿੰਦੇ ਹੋ। ਉੱਤਰ ਦੇਵੇਗਾ ਮਾਡਲ ਟਾਊਨ ਵਿੱਚ ਸਾਡੀ ਕੋਠੀ ਹੈ, ਕੋਠੀ ਨੰ: ਆਰ ...... ਹੈ। ਜਾਂ ਕਿਸ ਹੋਰ ਮੁੱਹਲੇ ਦਾ ਨਾਂ ਲਵੇਗਾ, ਜਿਸ ਥਾਂ ਉਸਦੀ ਰਿਹਾਇਸ਼ ਹੋਵੇਗੀ, ਮੁੜ ਕੇ ਉਹ ਤੁਹਾਨੂੰ ਪੁੱਛਦਾ ਹੈ, ਤੁਸੀਂ ਕਿੱਥੇ ਦੇ ਰਹਿਣ ਵਾਲੇ ਹੋ ਜੀ। ਤੁਸੀ ਘਰ ਦਾ ਜ਼ਿਕਰ ਕਰੋਗੇ, ਫਰਜ ਕਰੋ ਸਨੌਰ ਰਹਿੰਦੇ ਹੋ ਤਾਂ ਕਹੋਗੇ, ਮੈਂ ਵੀ ਪਟਿਆਲੇ ਦੇ ਲਾਗੇ ਹੀ ਸਨੌਰ ਦਾ ਰਹਿਣ ਵਾਲਾ ਹਾਂ। ਸਨੌਰ ਸਾਡਾ ਜੱਦੀ ਪਿੰਡ ਹੈ। ਪਿਓ ਦਾਦੇ ਤੋਂ ਉੱਥੇ ਹੀ ਰਹਿੰਦੇ ਆ ਰਹੇ ਹਾਂ। ਪਹਿਲਾਂ ਤਾਂ ਸਾਡੇ ਮਕਾਨ ਕੱਚੇ ਮਿੱਟੀ-ਗਾਰੇ ਦੇ ਹੀ ਹੋਇਆ ਕਰਦੇ ਸਨ, ਪੁਰਾਣੇ ਟਾਇਪ ਦੇ, ਹੁਣ ਅਸੀਂ ਪੱਕੇ ਕਮਰੇ ਬਣਾ ਲਏ ਹਨ। ਸਾਰੀ ਦੀ ਸਾਰੀ ਚਿਣਵਾਈ ਸੀਮਿੰਟ 'ਚ ਕਰਵਾਈ ਐ, ਉੱਪਰ ਲੈਂਟਰ ਪਾ ਦਿੱਤੇ ਹਨ ਸਾਰੇ ਕਮਰਿਆਂ ਤੇ। ਤੁਸੀਂ ਆਉ ਜੀ ਕਿਤੇ ਸਾਡੇ ਗਰੀਬਖਾਨੇ, ਦਰਸ਼ਨ ਦਿਓ।

ਅਸੀਂ ਇਨ੍ਹਾਂ ਇੱਟਾਂ-ਪੱਥਰਾਂ ਦੇ, ਬਜ਼ਰੀ-ਸੀਮਿੰਟ ਦੇ ਮਕਾਨਾਂ ਨੂੰ ਆਪਣਾ ਸਥਾਈ ਘਰ ਸਮਝੀ ਬੈਠੇ ਹਾਂ। ਸੋਹਣੇ-ਸੋਹਣੇ ਡਿਜ਼ਾਇਨਾਂ ਵਿੱਚ ਜੜੇ ਹੋਏ, ਸੰਗਮਰਮਰ ਪੱਥਰ, ਮੀਨਾਕਾਰੀ ਵਾਲੀ ਲੱਕੜ ਦੇ ਦਰਵਾਜੇ ਬਾਰੀਆਂ, ਚਮਕਦਾਰ ਪੇਂਟ ਆਦਿ ਨਾਲ ਸਜਾਈਆਂ ਹੋਈਆਂ ਕੋਟੀਆਂ ਨਾਲ ਆਪਣਾ ਚਿੱਤ ਜੋੜੀ ਬੈਠੇ ਹਾਂ। ਜੀਵਨ ਦਾ ਲੱਗਭਗ ਅੱਧਾ ਹਿੱਸਾ ਐਸੇ ਮਕਾਨ ਬਣਾਉਣ ਦੇ ਆਹਰ ਵਿੱਚ ਹੀ ਚਲਿਆ ਜਾਂਦਾ ਹੈ।

ਸ੍ਰੀ ਗੁਰੂਨਾਨਕ ਦੇਵ ਜੀ ਦੇ ਸੂਹੀ ਰਾਗ ਵਿੱਚ ਬਚਨ ਹਨ :-

**ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥**

**ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥** (ਅੰਗ-762)

ਤੈਨੂੰ ਮਾਲਕ ਵਾਹਿਗੁਰੂਜੀ ਨੇ ਸੋਨਾ ਚਾਂਦੀ ਆਦਿ ਸੋਹਣੀਆਂ ਵਸਤਾਂ ਦਿੱਤੀਆਂ ਹਨ। ਐ ਜੀਵ ! ਤੂੰ ਇੰਨ੍ਹਾਂ ਨਾਲ ਹੀ ਆਪਣਾ ਚਿੱਤ ਲਾ ਕੇ ਬੈਠ ਗਿਆ ਹੈਂ। ਦਿੱਤੇ ਤੈਨੂੰ ਮਾਲਕ ਨੇ ਹਨ, ਜਿਸਨ ਤੈਨੂੰ ਪੈਦਾ ਕੀਤਾ ਅਤੇ ਤੇਰੇ ਲਈ ਸੁੰਦਰ ਵਸਤਾਂ ਵੀ ਪੈਦਾ ਕੀਤੀਆਂ। ਪਰ ਤੂੰ ਮਾਣ ਨਾਲ ਕਹਿੰਦਾ ਹੈ ਕਿ ਮੈਂ ਬੜੀ ਸੁੰਦਰ ਕੋਠੀ ਬਣਾਈ ਹੈ, ਮੇਰੇ ਕੋਲ ਬੜੀ ਜਾਇਦਾਦ ਹੈ ਅਤੇ ਇਸ ਵਿੱਚ ਹੀ ਖੋ ਗਿਆ ਹੈ, ਭੁੱਲ ਗਿਐਂ ! ਆਪਣੇ ਅਸਲੀ ਘਰ ਨੂੰ ਤੇ ਆਪਣੇ ਕੰਤ (ਮਾਲਕ) ਨੂੰ। ਇਕ ਘਰ ਬਣਾਉਣ ਲਈ ਗਾਲ ਦਿੰਦਾ ਹੈ ਸਾਰੀ ਉਮਰ। ਕਦੇ ਨਹੀਂ ਸੋਚਦਾ ਕਿ ਕਿੰਨਾ ਕੁ ਸਮਾਂ ਇਨ੍ਹਾਂ ਦੀ ਛਾਇਆ ਹੇਠ ਬੈਠਣਾ ਹੈ।

ਜੀਵਨ ਦੇ ਸਫਰ ਲਈ ਇਕ ਮਕਾਨ ਦੀ ਲੋੜ ਤਾਂ ਜ਼ਰੂਰ ਹੈ, ਪਰ ਸਾਰਾ ਜੀਵਨ ਮਕਾਨ, ਜਾਇਦਾਦ ਬਣਾਉਣ ਵਿੱਚ ਹੀ ਖਰਚ ਕਰ ਦਈਏ, ਐਸਾ ਜੀਵਨ ਉਦੇਸ਼ ਨਹੀਂ, ਸਾਡਾ ਅਸਲੀ ਤੇ ਪੱਕਾ ਘਰ ਕਿਤੇ ਹੋਰ ਹੈ। ਇਹ ਤਾਂ ਉਸ ਘਰ ਤੋਂ ਭਰਮਾਉਂਣ ਵਾਲੀਆਂ ਵਸਤਾਂ ਹਨ। ਨਿਰਬਾਹ ਮਾਤਰ ਜ਼ਰੂਰ ਬਣਾਈਏ ਪਰ ਧਿਆਨ ਵਿੱਚ ਰੱਖੀਏ ਕਿ ਇਸ ਘਰ ਨੂੰ ਤਾਂ ਇਕ ਦਿਨ ਛੱਡ ਗਵਾਵਣਾ ਹੈ, ਯਕੀਨਨ ਤੌਰ ਤੇ ਇੰਨ੍ਹਾਂ ਤੋਂ ਦੂਰ ਜਾ ਕੇ ਬਸੇਰਾ ਕਰਨਾ ਹੈ। ਜਿੱਥੇ ਜਾ ਕੇ ਬਸੇਰਾ ਕਰਨਾ ਹੈ ਉਸਦਾ ਫਿਕਰ ਚਿੰਤਾ ਸਾਡਾ ਜੀਵਨ ਉਦੇਸ਼ ਬਣਨਾ ਚਾਹੀਏ। ਉਸ ਘਰ ਦੀ ਪਛਾਣ ਜਾਂ ਪ੍ਰਾਪਤੀ ਲਈ ਅਸੀਂ ਚੌਵੀ ਘੰਟਿਆਂ ਵਿੱਚੋਂ ਇਕ -ਅੱਧੇ ਘੰਟੇ ਲਈ ਵੀ ਉੱਦਮ ਨਹੀਂ ਕਰਦੇ। ਗੁਰਬਾਣੀ ਦਾ ਫੁਰਮਾਨ ਹੈ:-

**ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥**

**ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥**

**ਦੁਨੀਆ ਕੈਸਿ ਮੁਕਾਮੇ ॥**

**ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥**

ਯਥਾ

**ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥**

**ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥**

**ਮੁਕਾਮੁ ਤਿਸਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥**

**ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥**

**ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥**

**ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥** (ਅੰਗ-64)

ਜਿਸ ਘਰ ਹਮੇਸ਼ਾ ਲਈ ਜਾ ਕੇ ਰਹਿਣਾ ਹੈ ਉਸ ਦੀ ਚਿੰਤਾ ਨਹੀਂ। ਕੁਝ ਦਿਨਾਂ ਲਈ ਆਪਣੇ ਸ਼ਹਿਰ ਤੋਂ ਦੂਜੇ ਸ਼ਹਿਰ ਜਾਣਾ ਪਵੇ ਤਾਂ ਅਸੀਂ ਬੜੀ ਔਖਿਆਈ ਮਹਿਸੂਸ ਕਰਦੇ ਹਾਂ। ਹਫਤਾ ਵੀ ਆਪਣੇ ਘਰ ਤੋਂ ਦੂਜੀ ਥਾਂ ਰਹਿਣਾ ਪਵੇ, ਉੱਥੇ ਰਹਿਣ ਦਾ ਸਾਰਾ ਪ੍ਰਬੰਧ ਪਹਿਲਾਂ ਕਰਾਂਗੇ। ਉਹ ਘਰ ਸਾਡਾ ਐਸਾ ਹੈ ਜਿਸਦੀ ਸਾਨੂੰ ਸੋਝੀ ਨਹੀਂ ਕਿ ਜਦੋਂ ਦਾ ਛੱਡਿਆ ਹੋਇਆ । ਪਿੱਛੇ ਦੀ ਕੋਈ ਯਾਦ ਨਹੀਂ, ਅੱਗੇ ਦਾ ਤੜਪ ਨਹੀਂ। ਗੁਰੂ ਦੇ ਚਰਨੀਂ ਲੱਗ ਕੇ ਹੀ ਆਪਣੇ ਇਸ ਘਰ ਦਾ ਗਿਆਨ ਹੁੰਦਾ ਹੈ ਅਤੇ ਗੁਰੂਜੀ ਸਾਨੂੰ ਮਾਇਆ ਦੇ ਛਲਮਈ ਜਾਲ ਵਿੱਚੋਂ ਕੱਢ ਸਕਦੇ ਹਨ। ਇਹ ਇੱਟਾਂ ਪੱਥਰਾਂ ਦੇ ਘਰ ਤਾਂ ਅਸੀਂ ਜਨਮਾਂ ਜਨਮਾਂਤਰਾਂ ਤੋਂ ਬਣਾਉਂਦੇ ਚਲੇ ਆਉਂਦੇ ਹਾਂ। ਗੁਰਵਾਕ ਹਨ :-

**ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥**

**ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥**

**ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥**

**ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥**

**ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ ॥** (ਗਉੜੀ ਕਬੀਰ ਜੀ, ਅੰਗ-325)

ਜਦੋਂ ਅਸੀਂ ਪਿਛਲੇ ਜਨਮਾਂ ਵਿੱਚ ਕੀੜੇ ਮਕੌੜੇ ਬਣੇ, ਤਾਂ ਵੀ ਘਰ ਬਣਾਏ। ਜਦੋਂ ਵੀ ਗਰਭ ਵਿੱਚ ਪੈ ਕੇ ਅਸੀਂ ਕੋਈ ਜਨਮ ਧਾਰਿਆ, ਇਕ ਘਰ ਜ਼ਰੂਰ ਬਣਾਇਆ। ਜੋਗੀ ਸੀ, ਭਾਵੇਂ ਤੀਸਰੇ ਸੀਗੇ, ਰਾਜਾ ਬਣੇ ਭਾਵੇਂ ਭਿਖਾਰੀ ਹੋਏ, ਸੰਤ ਜਾਂ ਨਾਸਤਕ। ਸੰਤ ਤਾਂ ਸਦਾ ਸਦਾ ਲਈ ਜਿਉਂਦਾ ਹੈ ਪਰ ਸਾਕਤ ਜੰਮਦਾ ਮਰਦਾ ਰਹਿੰਦਾ ਹੈ।

ਕਬੀਰ ਸਾਹਿਬ ਪ੍ਰਭੂ ਅੱਗੇ ਅਰਦਾਸ ਕਰਦੇ ਹਨ : ਐ ਮੇਰੇ ਮਾਲਕ ! ਇਸ ਵਾਰੀ ਕਿਰਪਾ ਕਰੋ ! ਮੇਰਾ ਜਨਮ ਮਰਨ ਕੱਟ ਦਿਓ ਮੈਨੂੰ ਨਿਹਚਲ ਘਰ ਦੀ ਬਖਸ਼ਿਸ਼ ਕਰ ਦਿਓ।

ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਤੂੰ ਆਪਣੇ ਅਸਲੀ ਘਰ ਲਈ ਤਾਂ ਕੁਝ ਕਮਾਇਆ, ਖੱਟਿਆ ਨਹੀਂ। ਕੋਈ ਸੇਵਾ ਸਿਮਰਨ, ਨੇਕੀ, ਪਰਉਪਕਾਰ ਨਹੀਂ ਕੀਤਾ, ਉੱਥੇ ਕਿਸ ਤਰ੍ਹਾਂ ਕਬੂਲ ਹੋਵਾਂਗੇ, ਕਿਵੇਂ ਰਹਿਣ ਨੂੰ ਜਗ੍ਹਾ ਮਿਲੇਗੀ, ਕਿਤੇ ਫੇਰ ਚੁਰਾਸੀ ਦੇ ਚੱਕਰ 'ਚ ਤਾਂ ਨਹੀਂ ਪੈਣਾ ਪਊ? ਜਾਨਵਰਾਂ ਪਸ਼ੂਆਂ ਦੀਆਂ ਜੂਨਾਂ ਭੁਗਤਣੀਆਂ ਪੈਣਗੀਆਂ। ਜੋ ਘਰ ਅਸੀਂ ਚਿਰਾਂ ਤੋਂ ਵਿਸਾਰੀ ਫਿਰਦੇ ਹਾਂ ਉਸ ਤੋਂ ਕਿੰਨੇ ਅਵੇਸਲੇ ਹਾਂ ਕਿ ਇਸ ਦਿੱਸਦੇ ਸੰਸਾਰ ਨੂੰ ਹੀ ਪੱਕਾ ਡੇਰਾ ਸਮਝੀ ਬੈਠੇ ਹਾਂ :-

**ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥**

**ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥**

**ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥**

**ਉਆ ਡੇਰਾ ਕੀ ਸੋ ਮਿਤਿ ਜਾਨੈ ॥ ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥**

**ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥** (ਮ: 5, ਅੰਗ- 256)

ਐ ਮਨੁੱਖ ! ਇਸ ਗੱਲ ਨੂੰ ਚੇਤੇ ਰੱਖ ਕਿ ਇੱਥੇ ਡੇਰਾ ਜਮਿਆ ਨਹੀਂ ਰਹਿਣਾ, ਇਨ੍ਹਾਂ ਘਰਾਂ ਨੂੰ ਛੱਡਣਾਂ ਹੀ ਪੈਣਾ ਹੈ। ਅੰਤ ਜਿਸ ਡੇਰੇ ਵਿੱਚ ਜਾਣਾ ਹੈ, ਉਸ ਬਾਬਤ ਸੋਚਣ ਵੀ ਲੋੜ ਹੈ। ਉਸ ਦੀ ਜਾਣਕਾਰੀ ਲਈ ਜੁਗਤੀ ਹੈ, ਗੁਰੂਸ਼ਬਦ ਦੀ ਕਮਾਈ। ਇਹ ਗੱਲ ਸਮਝਣੀ ਕੋਈ ਔਖੀ ਨਹੀਂ ਕਿ ਅਸੀਂ ਇੱਥੇ ਚਿਰ ਸਥਾਈ ਨਹੀਂ ਰਹਿ ਸਕਦੇ। ਤੁਹਾਡੇ ਸਾਹਮਣੇ ਤੁਹਾਡੇ ਮਾਪੇ ਚਲੇ ਗਏ ਅਤੇ ਕਈ ਹੋਰ ਨਿੱਤ ਹੀ ਤੁਰਦੇ ਜਾ ਰਹੇ ਹਨ। ਸੋ ਐ ਮੇਰੇ ਮਨ ! ਉਸ ਘਰ ਲਈ ਚੇਤੰਨ ਹੋ। ਸਾਧ ਸੰਗਤ, ਦੁਆਰ ਹੈ, ਉਸ ਨਿਹਚਲ ਘਰ ਦਾ, ਜਿੱਥੋਂ ਸੱਚੇ ਘਰ ਲਈ ਰਾਹ ਨਜ਼ਰੀਂ ਆਉਂਦਾ ਹੈ। ਤੂੰ ਉਸ ਘਰ ਤੋਂ ਬੇਪ੍ਰਵਾਹ ਨਾ ਹੋ। ਮੇਰੇ ਮਨਾਂ, ਤੂੰ ਮੈਨੂੰ ਮਾਇਆ ਦੇ ਗਲਬੇ 'ਚ ਨਾ ਫਸਾ। ਇਸ ਦੇ ਪ੍ਰਭਾਵ ਹੇਠ ਮੈਨੂੰ ਮੇਰੇ ਪੱਕੇ ਘਰ ਤੋਂ ਨਾ ਭੁਲਾ। ਮੈਨੂੰ ਤੂੰ ਆਪਣੀ ਮੱਤ ਹੇਠ ਰੱਖ ਕੇ ਸਤਿਗੁਰੂ ਦੀ ਗੱਲ ਕਿਉਂ ਨਹੀਂ ਸੁਣਨ ਦਿੰਦਾ। ਜਿਵੇਂ ਗੁਰਬਾਣੀ ਦਾ ਫੁਰਮਾਨ ਹੈ :-

**ਮਨਮੁਖ ਹਉਮੈ ਮਾਇਆ ਸੂਤੇ ॥**

**ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥**

**ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥** (ਮਾਰੂ ਮ: 3 ਅੰਗ-1●49)

ਆਪਣਾ ਕੀਮਤੀ ਸਮਾਂ ਦੁੱਖਾਂ, ਚਿੰਤਾਂਵਾਂ, ਅਤੇ ਦੂਜਿਆਂ ਦੀ ਨਿੰਦਾ ਚੁਗਲੀ ਵਿੱਚ ਹੀ ਗੁਜ਼ਾਰੀ ਚਲਾ ਜਾ ਰਿਹਾ ਹੈਂ ! ਅਕਾਲ, ਪੁਰਖ ਨੂੰ ਕਰਤਾ ਮੰਨਣ ਦੀ ਥਾਂ ਤੂੰ ਆਪਣੀ ਹਉਮੈਂ ਵਿੱਚ ਰਹਿੰਦਾ ਹੈ। ਐ ਮਨ ! ਤੈਨੂੰ ਸਮਝ ਹੋਣੀ ਚਾਹੀਦੀ ਹੈ ਕਿ ਤੇਰੇ ਜੀਵਨ ਸਫਰ ਵਿੱਚ ਇਹ ਬ੍ਰਹਿਮੰਡ ਇਹ ਸੰਸਾਰ ਤਾਂ ਇਕ ਪੇਕੇ ਦੀ ਤਰ੍ਹਾਂ ਹੈ। ਜਿਵੇਂ ਕੁੜੀ ਨੇ ਆਪਣੇ ਸਹੁਰੇ ਘਰ ਇਕ ਦਿਨ ਵਿਆਹ ਮੁਕਵਾਲਾ ਹੋਣ ਤੋਂ ਬਾਅਦ ਅਵੱਸ਼ ਹੀ ਚਲੇ ਜਾਣਾ ਹੈ, ਇਵੇਂ ਹੀ ਮਨੁੱਖ ਨੇ ਵੀ ਸਹੁਰੇ ਘਰ ਚਲੇ ਜਾਣਾ ਹੈ। ਉਸ ਮਾਲਿਕ ਦੇ ਸੋਹਣੇ ਦਰ ਲਈ ਆਪਣੇ ਅੰਦਰ ਤੜਪ ਪੈਦਾ ਕਰ। ਉਸ ਦੇ ਦਰਸ਼ਨਾਂ ਦੀ ਭਾਵਨਾ ਬਣਾ। ਉਸ ਨਾਲ ਪਿਆਰ ਪਾ :-

**ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥**

**ਧੰਨੁ ਸੁ ਤੇਰਾ ਥਾਨੁ ॥ਰਹਾਉ ॥**

ਯਥਾ

**ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥**

**ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥** (ਅੰਗ 5●)

ਅਸੀਂ ਪਹਿਲਾਂ ਤਾਂ ਇਸ ਸੰਸਾਰ ਵਿੱਚ ਬਣਾਏ ਹੋਏ ਇੱਟਾਂ ਪੱਥਰਾਂ ਦੇ ਮਕਾਨ ਨੂੰ ਹੀ ਆਪਣਾ ਪੱਕਾ ਨਿਵਾਸ ਸਮਝਦੇ ਹਾਂ ਤੇ ਸਹੁਰੇ ਘਰ ਸਾਡੇ ਚੇਤੇ ਵਿੱਚ ਨਹੀਂ। ਮਕਾਨਾਂ ਨੂੰ ਤੱਡ ਕੇ ਫੇਰ ਆਪਣੇ ਸਰੀਰ ਨੂੰ ਹੀ ਆਪਣਾ ਸਮਝਦੇ ਹਾਂ, ਉਸ ਦੀ ਬਣਾਵਟ ਸਜਾਵਟ ਵਿੱਚ ਹੀ ਲੱਗੇ ਰਹਿੰਦੇ ਹਾਂ। ਸਰੀਰਾਂ ਨੂੰ ਮਾਣਦੇ ਹਾਂ, ਭੋਗਦੇ ਹਾਂ ! ਆਖਦੇ ਹਾਂ ਸਰੀਰਕ ਇੰਦ੍ਰਿਆਂ ਰਾਹੀਂ ਪਦਾਰਥਕ ਰਸ ਭੋਗ ਤੋਂ ਵੱਧ ਕੁਝ ਨਹੀਂ।

ਥੋੜਾ ਜਿਹਾ ਗਿਆਨ ਹੋਵੇ ਤਾਂ ਆਪਣੇ ਮਨ ਨੂੰ ਹੀ ਸਤਿ ਵਸਤੂਆਖਾਂਗੇ ਅਤੇ ਮਨ ਤੋਂ ਉਚੇਰਾ ਜ਼ਰਾ ਜਾਈਏ ਤਾਂ ਬੁੱਧੀ ਨੂੰ ਹੀ ਸਭ ਕੁੱਝ ਸਮਝ ਬੈਠਾਂਗੇ ਇਹ ਸਭ ਭੁਲੇਖੇ ਹਨ।

ਦੇਹੀ ਤਾਂ ਬਿਨਸਨਹਾਰ ਹੈ। ਦੇਹੀ ਤੇਰੀ ਹੋ ਕੇ ਕਿਵੇਂ ਰਹਿ ਸਕਦੀ ਹੈ? ਸਰੀਰ ਦੇ ਅੰਗ ਤਾਂ ਜਿਉਂਦੇ ਜੀਅ ਹੀ ਤੇਰਾ ਸਾਥ ਛੱਡਣਾ ਅਰੰਭ ਕਰ ਦਿੰਦੇ ਹਨ। ਪੰਜੇ ਗਿਆਨ ਇੰਦ੍ਰੇ ਅਤੇ ਪੰਜੇ ਕ੍ਰਮ ਇੰਦਰੇ ਹੌਲੀ ਹੌਲੀ ਖੋਖਲੇ ਹੋਣੇ ਅਰੰਭ ਹੋ ਜਾਂਦੇ ਹਨ, ਸਾਡੇ ਕਹਿਣੇ ਤੋਂ ਬਾਹਰ ਹੋ ਜਾਂਦੇ ਹਨ :-

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥**

**ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥** (ਸਲੋਕ - 47)

ਅੱਖਾਂ 'ਚ ਜੋਤ ਨਹੀਂ ਰਹਿੰਦੀ, ਸਿਰ ਕੰਬਣ ਲੱਗ ਜਾਂਦਾ ਹੈ। ਪੈਰ ਡਗਮਗਾਉਣ ਲਗ ਪੈਣਗੇ। ਗੋਡਿਆਂ ਤੋਂ ਉੱਠਿਆ ਨਹੀਂ ਜਾਏਗਾ, ਭਾਵ ਸਰੀਰ ਦੇ ਅੰਗ ਜਿੰਨ੍ਹਾਂ ਨੂੰ ਆਪਣੇ ਸਮਝਦਾ ਸੀ। ਹੌਲੀ-ਹੌਲੀ ਤੈਨੂੰ ਜੁਆਬ ਦੇਣਾ ਸ਼ੁਰੂਕਰ ਦੇਣਗੇ।

ਮਨ ਤਾਂ ਹੈ ਹੀ ਸ਼ੈਤਾਨ, ਇਹ ਤੇਰੀ ਗੱਲ ਕਦੇ ਵੀ ਨਹੀਂ ਮੰਨਦਾ। ਬੁੱਧੀ ਤੇ ਤੈਨੂੰ ਕਿਵੇਂ ਵਿਸ਼ਵਾਸ ਹੋ ਸਕਦਾ ਹੈ, ਕਦੇ ਕੋਈ ਗੱਲ ਚੰਗੀ ਫੁਰ ਗਈ, ਅਕਲ ਦੀ ਗੱਲ ਹੋ ਗਈ ਅਤੇ ਕਦੇ ਤੇਰੀ ਮੱਤ ਮਾਰੀ ਵੀ ਜਾਂਦੀ ਹੈ। ਸੋ ਇਹ ਚੀਜ਼ਾਂ ਤੇਰਾ ਘਰ, ਤੇਰਾ ਸਰੀਰ, ਤੇਰਾ ਮਨ ਤੇ ਤੇਰੀ ਬੁੱਧੀ ਤੇਰਾ ਸਾਥ ਨਹੀਂ ਦਿੰਦੀਆਂ।

ਇਸਦੀ ਦੇਹੀ ਅਸਲ ਵਿੱਚ ਬਿਦੇਹੀ ਹੈ ਅਤੇ ਅਣਦਿਸਦੀ ਦੇਹੀ (ਆਤਮਾ) ਅਸਲੀ ਦੇਹੀ ਹੈ। ਭੁਲੇਖਾ ਇਹੋ ਹੈ ਕਿ ਦਿੱਸਣ ਕਰਕੇ ਅਸੀਂ ਇਸ ਨਾਸ਼ਵਾਨ ਨੂੰ ਦੇਹੀ ਕਹਿ ਦਿੰਦੇ ਹਾਂ ਅਤੇ ਜੋ ਅਮਰ ਹੈ, ਉਸਨੂੰ ਬਿਦੇਹ ਕਹਿੰਦੇ ਹਾਂ। ਕਿੱਡੀ ਅਗਿਆਨਤਾ ਹੈ, ਇਸ ਭੁਲੇਖੇ ਵਿੱਚ ਹੀ ਅਸੀਂ ਠੱਗੇ ਜਾ ਰਹੇ ਹਾਂ।

ਜਗਤ ਦਾ ਮਾਲਕ ਵਾਹਿਗੁਰੂਜੀਵਾਂ ਨੂੰ ਸਾਜ ਕੇ ਕੌਤਕ, ਚੋਜ ਕਰਦਾ ਹੈ। ਅਸੀਂ ਨਾਮ ਵਿਹੂਣੇ ਜੀਵ, ਮਾਇਆ ਦੇ ਨਾਲ ਬਾਰ-ਬਾਰ ਚੰਬਵਦੇ ਰਹਿੰਦੇ ਹਾਂ। ਪਰ ਐ ਜੀਵ ! ਤੂੰ ਕਿਸੇ ਹੋਰ ਥਾਂ ਦਾ ਵਾਸੀ ਹੈਂ, ਤੇਰਾ ਘਰ ਕੋਈ ਹੋਰ ਹੈ :-

**ਦੇਹੀ ਗੁਪਤ ਬਿਦੇਹੀ ਦੀਸੈ ॥ ਸਗਲੇ ਸਾਜਿ ਕਰਤ ਜਗਦੀਸੈ ॥**

**ਠਗਣਹਾਰ ਅਣਠਗਦਾ ਠਾਗੈ ॥ ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ ॥** (ਅੰਗ-9●●)

ਅਸਲੀ ਘਰ :-

ਹਰ ਜੀਵ ਦੇ ਸਰੀਰ ਨੂੰ ਨੌਂ ਬਾਹਰਮੁਖੀ ਦਰਵਾਜ਼ੇ ਪ੍ਰਮਾਤਮਾ ਨੇ ਲਗਾਏ ਹੋਏ ਹਨ : ਦਸਵਾਂ ਗੁਪਤ ਰੱਖਿਆ ਹੈ। ਬਾਹਰੀ ਇੰਦ੍ਰੀਆਂ ਦੇ ਰਸਾਂ ਵਿੱਚ ਅਸੀਂ ਠੱਗੀ ਜਾ ਰਹੇ ਹਾਂ। ਇਨ੍ਹਾਂ ਨੂੰ ਭੋਗ ਭੋਗ ਕੇ ਆਪ ਹੀ ਭੋਗੇ ਜਾ ਰਹੇ ਹਾਂ। ਬਿਨ ਦਸਵੇਂ (ਗੁਪਤ) ਦਰ ਦੇ ਗਿਆਨ ਦੇ, ਉਸ ਨੂੰ ਸਮਝੇ ਤੇ ਦੇਖੇ ਬਗੈਰ, ਆਪਣੇ ਅਸਲੀ ਘਰ ਦਾ ਪਤਾ ਨਹੀਂ ਚਲਦਾ :-

**ਦੇਹੀ ਨਗਰੀ ਨਉ ਦਰਵਜੇ ॥ ਸਿਰਿ ਸਿਰਿ ਕਰਣੈ ਹਾਰੈ ਸਾਜੇ ॥**

**ਦਸਵੈ ਪੁਰਖੁ ਅਤੀਤੁ ਨਿਰਾਲਾ ॥ਆਪੇ ਅਲਖੁ ਲਖਾਇਆ ॥** (ਮਾਰੂਮ: 1, ਅੰਗ- 1●39)

**ਨਗਰੀ ਏਕੈ ਨਉ ਦਰਵਾਸੇ ਧਾਵਤੁ ਬਰਜਿ ਰਹਾਈ ॥**

**ਤ੍ਰਿਕੁਟੀ ਛੂਟੈ ਦਸਵਾਂ ਦਰੁ ਖੁਲ੍ਹੈ ਤਾ ਮਨੁ ਖੀਵਾ ਭਾਈ ॥** (ਰਾਗੁ ਕੇਦਾਰਾ ਬਾਣੀ ਕਬੀਰ ਜੀਉ ਅੰਗ-1123)

ਇਸ ਦਸਵੇਂ ਦੁਆਰ ਦੀ ਗੱਲ ਬਾਰ ਬਾਰ ਗੁਰਬਾਣੀ ਵਿਚ ਆਉਂਦੀ ਹੈ। ਇਸ ਸੰਸਾਰ ਦੇ ਘਰ ਜਾ ਹੋਰ ਵਸਤੂਆਂ ਸਾਨੂੰ ਬਾਹਰੀ ਦਰਵਾਜ਼ਿਆਂ ਰਾਹੀਂ ਹੀ ਪ੍ਰਤੀਤ ਹੁੰਦੀਆਂ ਹਨ। ਅੰਦਰਲੇ ਘਰ ਦਾ ਗਿਆਨ ਤਾਂ ਦਸਵਾਂ ਦਰ ਖੁਲ੍ਹਣ ਤੋਂ ਹੀ ਹੋ ਸਕੇਗਾ। ਤ੍ਰਿਗੁਣੀ ਮਾਇਆ ਰਜੋ ਤਮੋ ਸਤੋਂ ਤੋਂ ਉੱਪਰ ਉੱਠ ਕੇ ਦਸਵਾਂ ਦਰ ਖੁਲ੍ਹਣ ਨੂੰ ਚੌਥੀ ਪਦਵੀ ਵੀ ਆਖਿਆ ਗਿਆ ਹੈ। ਜਦੋਂ ਗੁਰੁਕ੍ਰਿਪਾ ਦੁਆਰਾ ਚੌਥੀ ਪਦਵੀ ਦੀ ਅਵਸਥਾ ਨੂੰ ਜਗਿਆਸੂ ਪਹੁੰਚਦਾ ਹੈ ਤਾਂ ਅਪਣੇ ਘਰ ਵਿਚ ਵਾਸਾ ਪਾਉਂਦਾ ਹੈ :-

**ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥**

**ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥** (ਭੈਰਉ ਮ. 3, ਅੰਗ-1130)

ਦਸਵੇਂ ਦਰ ਦੀ ਕਥਾ ਬੜੀ ਅਸਚਰਜ ਹੈ। ਦਸਵੇਂ ਦੁਆਰ ਵਿਚ ਪ੍ਰਵੇਸ਼ ਕਰਕੇ ਹੀ ਸਾਡਾ ਅਸਲੀ ਘਰ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :-

**ਧਾਵਤੁ ਥੰਮਿ੍ਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥**

**ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ**

**ਜਿਤੁ ਸਬਦਿ ਜਗਤੁ ਥੰਮਿ ਰਹਾਇਆ ॥**

**ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥**

**ਇਉ ਕਹੈ ਨਾਨਕੁ ਸਤਿਗੁਰਿ ਮਿਲੀਐ**

**ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ ॥** (ਆਸਾ ਮ. 3, ਅੰਗ-441)

ਨੌਂ ਦਰਵਾਜ਼ਿਆਂ ਤੋਂ ਸੁਰਤੀ ਮੋੜ ਕੇ, ਮਨੋ ਬ੍ਰਿਤੀਆਂ ਨੂੰ ਕਾਬੂ ਕਰਕੇ ਦਸਵਾਂ ਦੁਆਰ ਪਾਇਆ ਜਾਂਦਾ ਹੈ। ਉੱਥੇ ਅਨੰਦ ਹੀ ਅਨੰਦ ਹੈ। ਅੰਮ੍ਰਿਤ ਭੋਜਨ ਦੀ ਪ੍ਰਾਪਤੀ ਹੈ ਅਤੇ ਸੁਰੀਲੀਆਂ ਸੰਗੀਤਕ ਧੁੰਨਾਂ ਦੀ ਘਨਘੋਰ ਹੈ। ਗੁਰੂ ਦੀ ਸ਼ਬਦ ਦੀ ਕਮਾਈ ਕਰਨ ਨਾਲ, ਗੁਰੂ ਦੀ ਮਿਹਰ ਪ੍ਰਾਪਤ ਹੋਣ ਨਾਲ, ਇਹ ਅਵਸਥਾ ਪ੍ਰਾਪਤ ਹੁੰਦੀ ਹੈ :-

**ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥**

**ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥** (ਮਾਝ ਮ. 2, ਅੰਗ-124)

ਪੂਰਾ ਸਤਿਗੁਰੂ ਪੂਰੀ ਕ੍ਰਿਪਾ ਕਰ ਦਿੰਦਾ ਹੈ, ਸਾਡੀ ਹਉਮੈ ਮਿਟਾ ਦਿੰਦਾ ਹੈ। ਪ੍ਰਾਰਬ੍ਰਹਮ ਦੀ ਨੇੜਤਾ ਪ੍ਰਾਪਤ ਹੁੰਦੀ ਹੈ। ਫੇਰ ਇਹ ਸੰਗਮਰਮਰ ਦੇ ਬਣੇ ਸਾਡੇ ਸੰਸਾਰੀ ਮਹਲ ਥੋਥੇ ਜਾਪਦੇ ਹਨ। ਸਤਿਗੁਰੂ ਦੁਆਰਾ ਅਚਲ, ਥਿਰ, ਸਥਾਈ ਘਰ ਮਿਲਦਾ ਹੈ ਅਤੇ ਉੱਥੇ ਸਦਾ ਰਹਿਣ ਵਾਸਤੇ ਗੁਰੂ ਸਾਹਿਬ ਦੇ ਬਚਨ ਹਨ :-

**ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥**

**ਸਤਿਗੁਰਿ ਤੁਮਰੇ ਕਾਜ ਸਵਾਰੇ ॥ਰਹਾਉ ॥**

**ਦੁਸਟ ਦੂਤ ਪਰਮੇਸਰਿ ਮਾਰੇ ॥ਜਨ ਕੀ ਪੈਜ ਰਖੀ ਕਰਤਾਰੇ ॥** (ਅੰਗ- 201)

ਅਜੇਹੇ ਥਿਰ ਘਰ ਵਿਚ ਵਾਸਾ ਹੋਣ ਨਾਲ ਸਤਿਗੁਰੂ ਜੀ ਸਾਡੇ ਕਾਰਜ ਆਪ ਸਵਾਰਦੇ ਹਨ। ਦੁਸ਼ਮਣ, ਦੂਤ, ਦੁਸ਼ਟ, ਬੈਰਾਈ ਦਾ ਨਾਸ਼ ਹੋ ਜਾਂਦਾ ਹੈ। ਵਾਹਿਗੁਰੂ ਜੀ ਆਪਣੇ ਸੇਵਕ ਦੀ ਲਾਜ ਰੱਖਦੇ ਹਨ। ਸਤਿਗੁਰੂ ਫੁਰਮਾਉਂਦੇ ਹਨ, ਐ ਭਾਈ ਤੂੰ ਆਪਣੇ ਅਸਲੀ ਘਰ ਵਿਚ ਵਸ। ਸ਼ਬਦ ਸੁਰਤ ਲਿਵਲੀਨ ਕਰ ਅਤੇ ਤਨ, ਮਨ, ਧਨ ਸਭ ਅਰਪਨ ਕਰ ਕੇ ਗੁਰੂ ਨੂੰ, ਤਦ ਤੈਨੂੰ ਅਮਰ ਘਰ ਪ੍ਰਾਪਤ ਹੋ ਸਕੇਗਾ। ਜੇਕਰ ਤਨ, ਮਨ ਤੇ ਧਨ ਵਿਚ ਹੀ ਆਪਣੀ ਸੁਰਤ ਟਿਕਾਈ ਰੱਖੀ ਤਾਂ ਇਹ ਮਨ-ਮੋਹਣੀਆਂ ਵਸਤਾਂ, ਵਿਸ਼ ਭਰੀਆਂ ਗੰਦਲਾਂ, ਤੇਰਾ ਖਹਿੜਾ ਨਹੀਂ ਛੱਡਣਗੀਆਂ, ਜਦੋਂ ਤਕ ਕਿ ਤੂੰ ਆਪਣਾ ਵਾਸਾ ਆਪਣੇ ਪੱਕੇ ਘਰ ਵਿਚ ਨਹੀਂ ਕਰੇਂਗਾ :-

**ਸਚੈ ਸਬਦਿ ਸਚੁ ਕਮਾਵੈ ॥ ਸਚੀ ਬਾਣੀ ਹਰਿ ਗੁਣ ਗਾਵੈ ॥**

**ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥ ਤਾ ਦਰਿ ਸਾਚੈ ਸੋਭਾ ਪਾਵੈ ॥** (ਅੰਗ-1342)

ਸੱਚੇ ਸ਼ਬਦ ਦੇ ਅਭਿਆਸ ਨਾਲ, ਗੁਰਬਾਣੀ ਦੀ ਵੀਚਾਰ ਤੇ ਗੁਰਬਾਣੀ ਦੇ ਗਾਉਣ ਨਾਲ ਆਪਣੇ ਘਰ ਦਾ ਦਰਵਾਜ਼ਾ ਖੁਲ੍ਹਦਾ ਹੈ ਅਤੇ ਉਸ ਵਿਚ ਰਿਹਾਇਸ਼ ਮਿਲਦੀ ਹੈ ਅਤੇ ਉਸ ਘਰ ਵਿਚ ਤੇਰੀ ਸ਼ੋਭਾ ਹੁੰਦੀ ਹੈ।

ਪਰ ਜੋ ਸਾਡਾ ਮਨ ਹੈ ਸੋ ਪਾਗਲ ਹਾਥੀ ਦੀ ਤਰ੍ਹਾਂ ਹੈ, ਮਾਇਆ ਵਿਚ ਗਲਤਾਨ ਹੈ। ਤਿੰਨ ਗੁਣਾਂ ਵਿਚ ਇੱਧਰ ਉੱਧਰ ਦੌੜਦਾ ਰਹਿੰਦਾ ਹੈ। ਗੁਰੂ ਦਾ ਲੜ ਨਹੀਂ ਫੜਦਾ, ਲੜ ਫੜੇ ਬਿਨਾਂ ਆਪਾ ਘਰ ਲੱਭਿਆ ਨਹੀ ਜਾ ਸਕਦਾ। ਗੁਰਮੁਖ ਬਣ ਕੇ ਇਹ ਘਰ ਲੱਭ ਪੈਂਦਾ ਹੈ:-

**ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨ। ॥**

**ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥** (ਆਸਾ ਮ. 1)

ਮਨ ਬੜਾ ਚੰਚਲ ਹੈ। ਜੇਕਰ ਆਪਣਾ ਘਰ ਭਾਲਣ ਦੀ ਅਸੀਂ ਕੋਸ਼ਿਸ਼ ਕਰਦੇ ਹਾਂ ਇਹ ਕੋਸ਼ਿਸ਼ ਨਹੀਂ ਕਰਨ ਦਿੰਦਾ, ਕਈ ਤਰ੍ਹਾਂ ਦੇ ਮਾਇਕ ਵੇਸ ਧਾਰ ਕੇ ਭਰਮਾਉਣ ਦੀ ਗੱਲ ਕਰਦਾ ਹੈ:-

**ਮਤਾ ਕਰਉ ਸੋ ਪਕਨਿ ਨ ਦੇਈ ॥ ਸੀਲ ਸੰਜਮ ਕੈ ਨਿਕਟਿ ਖਲੋਈ ॥**

**ਵੇਸ ਕਰੇ ਬਹੁ ਰੂਪ ਦਿਖਾਵੈ ॥**

**ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥** (ਅੰਗ - 371)

ਭੈੜੀ ਵ੍ਰਤੀ ਆਪਣੇ ਘਰ ਵਿਚ ਘਰ ਦੇ ਮਾਲਿਕ ਨੂੰ ਵੀ ਵੱਸਣ ਨਹੀਂ ਦਿੰਦੀ। ਬਾਹਮੁਖੀ ਬਿਰਤੀ ਵਿਚ ਹੀ ਉਲਝਾਈ ਰਖਦੀ ਹੈ:-

**ਘਰ ਕੀ ਨਾਇਕਿ ਘਰ ਵਾਸੁ ਨ ਦੇਵੈ ॥**

**ਜਤਨ ਕਰਉ ਉਰਝਾਇ ਪਰੇਵੈ ॥**

ਇਸ ਤਰ੍ਹਾਂ ਦਾ ਹੈ ਮਨ, ਬੇਈਮਾਨ। ਪਰ ਜਦੋਂ ਅਸੀਂ ਸਤਿਗੁਰੂ ਜੀ ਦਾ ਉਪਦੇਸ਼ ਸੁਣੀਏ, ਗੁਰੂ ਸਾਨੂੰ ਹਰੀ ਨਾਮ ਮੰਤ੍ਰ ਦ੍ਰਿੜਾ ਦਿੰਦਾ ਹੈ, ਫਿਰ ਸਾਡਾ ਆਪਾ ਆਪਣੇ ਘਰ ਵਿਚ ਵਸ ਜਾਂਦਾ ਹੈ। ਮੇਰਾ ਘਰ ਪੱਕਾ ਹੋ ਗਿਆ, ਜੀਵ ਆਤਮਾ ਆਪਣੇ ਘਰ 'ਚ ਵਸਣ ਲੱਗ ਪਈ। ਅਸੀਂ ਗੁਰੂ ਦਰਬਾਰ ਦੇ ਸੇਵਾਦਾਰ ਬਣ ਗਏ, ਨਾਮੀ ਪੁਰਸ਼ ਹੋ ਗਏ।

ਇਸ ਘਰ ਨੂੰ ਗੁਰੂ ਵਿਅਕਤੀਆਂ, ਮਹਾਂਪੁਰਸ਼ਾਂ ਤੇ ਭਗਤਾਂ ਨੇ, ਕਈ ਨਾਮਾਂ ਨਾਲ ਬਿਆਨਿਆ ਹੈ, ਦਸਮ ਦੁਆਰ, ਨਿਜ ਘਰ, ਨਿਜ ਧਾਮ, ਪਰਮ ਧਾਮ, ਬੇਗਮਪੁਰਾ, ਥਿਰ ਘਰ ਤੇ ਅਬਿਚਲ ਨਗਰ ਆਦਿ ਆਦਿ।

ਪਤਾ ਨਹੀਂ ਕਦੋਂ ਕੁ ਦੇ ਭਉਂਦੇ ਫਿਰਦੇ ਹਾਂ, ਦੇਸਾਂ ਪ੍ਰਦੇਸ਼ਾਂ ਵਿਚ, ਖੰਡਾਂ ਬ੍ਰਹਮੰਡਾਂ ਵਿਚ, ਚੌਰਾਸੀ ਲੱਖ ਜੂਨੀਆਂ ਵਿਚ। ਤਦ ਜਾ ਕੇ ਮਨੁੱਖਾ ਜਨਮ ਮਿਲਿਆ ਤਾਂ ਫੇਰ ਇਸ ਮਨੁੱਖਾ ਜਨਮ ਲੈਣ ਦਾ ਅਸਲ ਭਾਵ ਆਪਣੇ ਘਰ ਦੀ ਭਾਲ ਹੀ ਹੈ:-

**ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤੁ ਅਨੂਪ ਸੁਣੀ ਲਾਭਾਇਆ ॥**

**ਗੁਣ ਰਾਸਿ ਬੰਨ੍ਹਿ ਪਲੈ ਆਨੀ ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥**

**ਸਾਹ ਵਾਪਾਰੀ ਦੁਆਰੈ ਆਏ ॥ ਵਖਰੁ ਕਾਢਹੁ ਸਉਦਾ ਕਰਾਏ ॥** (ਅੰਗ - 372)

ਜਨਮਾਂ ਜਨਮਾਂਤਰਾਂ ਦਾ ਫਿਰਦਾ ਫਿਰਦਾ ਹੁਣ ਗੁਰੂ ਦੀ ਸ਼ਰਣ ਵਿਚ ਆਇਆ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਐ ਸਤਿਗੁਰੂ ਜੀ! ਮੈਨੂੰ ਨਾਮ ਦਾ ਸਉਦਾ ਦਿਓ ਜੀ। ਸਤਿਗੁਰੂ ਨੇ ਬਖਸ਼ਿਸ਼ ਕਰ ਦਿੱਦੀ ਤੇ ਸਉਦਾ ਦੇ ਦਿੱਤਾ ਅਤੇ ਮੇਰਾ ਮਨ ਅਡੋਲ ਹੋ ਗਿਆ :-

**ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ ॥**

ਸਤਿ ਦਾ ਵਪਾਰ ਕਰਨ ਕਰਕੇ ਕਿਸੇ ਵੀ ਦੁੱਖ ਦਾ ਭਾਗੀ ਨਹੀਂ ਬਣਿਆ। ਕੋਈ ਭਉ ਜਾਂ ਚੋਰੀ ਦਾ ਡਰ ਨਹੀਂ ਰਿਹਾ। ਇਸ ਤਰ੍ਹਾਂ ਸਤਿਗੁਰੂ ਜੀ ਸਾਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਰਾਜ਼ੀ ਖੁਸ਼ੀ ਨਾਮ ਦਾ ਵਾਸਾ ਕਰਵਾ ਦਿੰਦੇ ਹਨ :-

**ਸਤ ਕੈ ਖਟਿਐ ਦੁਖੁ ਨਹੀ ਪਾਇਆ ॥**

**ਸਹੀ ਸਲਾਮਤਿ ਘਰਿ ਲੈ ਆਇਆ ॥** (ਆਸਾ ਮ. 5)

ਗੁਰਬਾਣੀ ਦੀ ਵੀਚਾਰ ਤੋਂ ਗੁਰਮੁਖ ਜਨ ਨਾਮ ਦੀ ਲਿਵ ਵਿਚ ਸੁਰਤ ਲਗਾ ਕੇ ਗੁਰੁਕ੍ਰਿਪਾ ਦੁਆਰਾ ਆਪਣੇ ਸੱਚੇ ਘਰ ਦੀ ਭਾਲ ਕਰਦੇ ਹਨ ਅਤੇ ਉਸ ਵਿਚ ਜਾ ਸਮਾਉਂਦੇ ਹਨ :-

**ਗੁਰਮੁਖਿ ਬੂਝੈ ਏਕ ਲਿਵ ਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥**

**ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥** (ਮ. 5, ਅੰਗ-222)

ਗੁਰੂ ਦਾ ਸੰਗ ਹੋਣ ਕਰਕੇ, ਗੁਰੂ-ਸ਼ਰਨ ਵਿਚ ਰਹਿੰਦਿਆਂ, ਐਸਾ ਘਰ ਮਿਲ ਪੈਂਦਾ ਹੈ, ਜਿਸ ਘਰ ਵਿਚ ਰਹਿ ਕੇ ਫੇਰ ਨਾ ਜਨਮ ਹੁੰਦਾ ਹੈ ਅਤੇ ਨਾ ਹੀ ਮੌਤ ਆਉਂਦੀ ਹੈ। ਉਹ ਸੋਹਣਾ ਸੋਹਣਾ ਪਵਿੱਤ੍ਰ ਘਰ ਹੈ:-

**ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥**

**ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥**

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥** (ਮ. 5, ਅੰਗ-44)

ਉਹ ਜੀਵ ਵਡਭਾਗੀ ਹਨ ਜਿਨ੍ਹਾਂ ਨੇ ਵਾਹਿਗੁਰੂਗੁਰ-ਮੰਤ੍ਰ ਦੀ ਕਮਾਈ ਕੀਤੀ। ਆਪਣੇ ਮਨ ਨੂੰ ਪਦਾਰਥਵਾਦ ਤੋਂ ਮੋੜ ਕੇ ਆਪਣੇ ਅੰਤਰਮੁਖੀ ਅਸਲੀ ਘਰ ਵਲ ਮੁੱਖ ਕੀਤਾ। ਸ਼ਬਦ ਦੁਆਰਾ ਗੁਰਮਤ ਰਾਹੀਂ ਆਪਣਾ ਟਿਕਾਣਾ ਖੋਜ ਲਿਆ ਹੈ। ਹੁਣ ਸਦਾ ਅਨੰਦ ਵਿਚ ਰਹਿੰਦੇ ਹਨ :-

**ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ ਬਾਹਰਿ ਜਾਦਾ ਘਰ ਮਹਿ ਆਣਿਆ ॥**

**ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥**

**ਨਾਮੁ ਨਵਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥** (ਮ . 3, ਅੰਗ-1175)

ਗੁਰੂਨਾਨਕ ਦੇਵ ਜੀ ਤੇ ਨਿਰੰਕਾਰ ਦੀ ਬਖਸ਼ਿਸ਼ ਹੋਈ ਅਤੇ ਉਨ੍ਹਾਂ ਨੇ ਸੰਸਾਰੀਆਂ ਤੇ ਕ੍ਰਿਪਾ ਕੀਤੀ ਉਨ੍ਹਾਂ ਨੂੰ ਆਪਣੇ ਅਸਲੀ ਘਰ ਦੀ ਸੋਝੀ ਦਿੱਤੀ। ਲੋੜ ਹੈ ਗੁਰੂਨਾਨਕ ਦੀ ਸ਼ਰਨ ਵਿਚ ਆਉਣ ਦੀ ਤਾਂ ਕਿ ਸਾਡੇ ਤੇ ਵੀ ਨਿਰੰਕਾਰੀ ਬਾਬਾ ਜੀ ਬਖਸ਼ਿਸ਼ ਕਰਨ, ਸਾਨੂੰ ਵੀ ਉਸ ਘਰ ਦੀ ਸੋਝੀ ਕਰਾਉਣ ਜਿਸ ਨਾਲ ਅਸੀਂ ਆਪਣੇ ਸਥਿਰ ਘਰ ਦੇ ਨਿਵਾਸੀ ਬਣ ਸਕੀਏ :-

**ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੋਪਾਲਾ ॥**

**ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥**

**ਹਰਖ ਅਨੰਦ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥** (ਮ. 5, ਅੰਗ-186)

ਉਸ ਘਰ ਵਿਚ ਰਹਿਣਾ ਸੁਹੇਲਾ ਹੈ। ਅਨੇਕ ਤਰ੍ਹਾਂ ਦੇ ਨਾਦ (ਬਾਜੇ) ਗੂੰਜਦੇ ਹਨ ਉਥੇ। ਵਾਹਿਗੁਰੂ ਜੀ ਦੇ ਪਿਆਰੇ ਨਿਵਾਸ ਕਰਦੇ ਹਨ। ਖੁਸ਼ੀਆਂ ਹੀ ਖੁਸ਼ੀਆਂ ਹਨ।

ਐਸੇ ਘਰ ਦੇ ਮਾਲਿਕ ਸਾਹਿਬ ਸ੍ਰੀ ਗੁਰੂਨਾਨਕ ਦਾ ਲੜ ਫੜ ਕੇ ਪ੍ਰਭੂ ਦੇ ਗੁਣ ਗਾਉਂਦਾ ਹੋਇਆ, ਜੀਵ ਆਪਣੇ ਘਰ ਸਤਿਗੁਰੂਨਾਨਕ ਦੇਵ ਜੀ ਦੀ ਕ੍ਰਿਪਾ ਦੁਆਰਾ ਵਸ ਗਿਆ। ਵਾਹਿਗੁਰੂ ਜੀ ਦਾ ਮੇਲ ਹੋ ਗਿਆ ਅਤੇ ਖੁਸ਼ੀਆਂ ਖੇੜੇ ਮਾਨਣ ਲੱਗਾ। ਚਿੰਤਾਵਾਂ ਸਾਰੀਆਂ ਦੂਰ ਹੋ ਗਈਆਂ :-

**ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥**

**ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥** (ਮ. 5, ਅੰਗ- 371)

## ਮੇਰੇ ਸਬੰਧੀ ਤੇ ਮਿੱਤ੍ਰ

ਆਪਣੇ ਸੰਸਾਰੀ ਘਰ ਵਿਚ ਰਹਿੰਦਾ ਹੋਇਆ ਜੀਵ ਆਮ ਤੌਰ ਤੇ ਇਕੱਲਾ ਨਹੀਂ ਰਹਿਦਾ, ਕੋਈ ਉਸ ਦਾ ਸਬੰਧੀ, ਰਿਸ਼ਤੇਦਾਰ ਜ਼ਰੂਰ ਉਸ ਨਾਲ ਹੁੰਦਾ ਹੈ। ਭਾਵੇਂ ਖੂਨੀ ਰਿਸ਼ਤੇ ਦਾ ਹੋਵੇਗਾ, ਦੂਰ ਦੇ ਰਿਸ਼ਤੇ ਦਾ ਤੇ ਭਾਵੇਂ ਕੋਈ ਨੌਕਰ ਚਾਕਰ ਹੀ ਹੋਵੇ। ਸੰਸਾਰ ਵਿਚ ਮਿੱਤਰ ਦੋਸਤ ਵੀ ਹਰ ਮਨੁੱਖ ਦੇ ਹੁੰਦੇ ਹਨ। ਪਿਛਲੇ ਲੇਖ ਵਿਚ ਅਸੀਂ ਆਪਣੇ ਅਸਲੀ ਘਰ ਦੀ ਪਛਾਣ ਕੀਤੀ ਹੈ, ਹੁਣ ਇਸ ਘਰ ਵਿਚ ਵੱਸਣ

ਵਾਲੇ ਸਬੰਧੀਆਂ ਦੀ ਜਾਣਕਾਰੀ ਹਾਸਲ ਕਰਾਂਗੇ ।

ਕੀ ਇਹ ਦਸਣ ਦੀ ਲੋੜ ਹੈ ਕਿ ਮੇਰੇ ਸਬੰਧੀ ਕੌਣ ਹਨ? ਮੇਰੇ ਮਾਤਾ ਪਿਤਾ, ਮੇਰੀ ਪਤਨੀ, ਮੇਰੇ ਭੈਣ ਭਰਾ, ਮੇਰੇ ਧੀ-ਪੁੱਤਰ ਤੇ ਮਿੱਤਰ ਅਤੇ ਹੋਰ ਰਿਸ਼ਤੇਦਾਰ ਕੌਣ ਕੌਣ ਹਨ? ਸੰਸਾਰੀ ਤੌਰ ਤੇ ਲੋੜ ਨਹੀਂ ਭਾਸਦੀ ਕਿਉਂ ਜੁ ਜੁਭਾਵਿਕ ਹੀ ਐਸੇ ਰਿਸ਼ਤਿਆਂ ਦੀ ਜਾਣ ਪਛਾਣ ਇਕ ਦੂਜੇ ਨੂੰ ਹੋ ਹੀ ਜਾਇਆ ਕਰਦੀ ਹੈ।ਆਮ ਤੌਰ ਤੇ ਸਭ ਰਿਸ਼ਤੇਦਾਰਾਂ ਨੂੰ ਇਕ ਦੂਜੇ ਦੇ ਸਬੰਧੀਆਂ ਦਾ ਪਤਾ ਹੁੰਦਾ ਹੈ।

ਮੇਰੇ ਖਿਆਲ ਵਿਚ ਫੇਰ ਵੀ ਲੋੜ ਹੈ, ਅਸਲੀ ਸਬੰਧੀਆਂ ਦੀ ਬਾਬਤ ਕੁਝ ਸਮਝਣ ਦੀ। ਥੋੜ੍ਹਾ ਜਿਹਾ ਦੂਰ ਅੰਦੇਸ਼ੀ ਨਾਲ ਤੱਕਾਂਗੇ ਤਾਂ ਅਸਲੀਅਤ ਕੁਝ ਹੋਰ ਹੀ ਨਜ਼ਰ ਆਵੇਗੀ। ਜੋ ਸਾਡੇ ਸਬੰਧੀ ਹਨ, ਇਹ ਪੱਕੇ ਸਬੰਧੀ ਨਹੀਂ, ਸਾਡੀ ਜੀਵ-ਆਤਮਾ ਦੇ ਸਦਾ ਦੇ ਸਾਥੀ ਨਹੀਂ, ਜੋ ਸਦਾ ਦੇ ਸੰਗੀ ਹਨ, ਉਨ੍ਹਾਂ ਨੂੰ ਅਸੀਂ ਸਬੰਧੀ ਬਣਾਉਣਾ ਹੈ।ਅਸੀਂ ਭੁੱਲੜ ਹਾਂ, ਭੁਲਾਈ ਬੈਠੇ ਹਾਂ ਉਨ੍ਹਾਂ ਨੂੰ।

ਉਹ ਮਾਤਾ ਪਿਤਾ ਜੋ ਸਾਨੂੰ ਜਨਮ ਦਿੰਦੇ ਹਨ ਪ੍ਰਿਤਪਾਲਣਾ ਕਰਦੇ ਹਨ, ਉਹ ਭੈਣ ਭਰਾ ਜੋ ਸਾਨੂੰ ਭੁੱਲੇ ਹੋਏ ਘਰ ਵਿਚ ਵਾਪਿਸ ਲੈ ਜਾ ਕੇ ਵਾਸਾ ਕਰਨ ਵਿਚ ਸਹਾਈ ਹੁੰਦੇ ਹਨ, ਉਹ ਸੱਜਣ ਮਿੱਤ੍ਰ ਜੋ ਸਾਨੂੰ ਆਪਣੇ ਪ੍ਰੀਤਮ ਦੇ ਦੇਸ਼ ਦੀ ਕਥਾ ਕਹਾਣੀਆਂ ਦਸਦੇ ਹਨ, ਪ੍ਰੇਮ ਮਈ ਮਿਠੀਆਂ ਗੱਲਾਂ ਕਰਦੇ ਹਨ, ਪਿਆਰੇ ਦੀ ਯਾਦ ਵਿਚ, ਅਜੇਹੇ ਸਬੰਧੀਆਂ ਦੀ ਬੈਠਕ ਤੋਂ ਅਸੀਂ ਸੈਂਕੜੇ ਮੀਲ ਦੂਰ ਰਹਿੰਦੇ ਹਾਂ। ਕਿਉਂ? ਕਿਉਂਕਿ ਅਸੀਂ ਅਣਜਾਣ ਹਾਂ, ਅਗਿਆਨੀ ਹਾਂ।

ਮਾਤਾ ਕੌਣ ਹੈ ਸਾਡੀ, ਮੋਟੇ ਤੌਰ ਤੇ ਜਿਸ ਨੇ ਸਾਨੂੰ ਜਨਮ ਦਿੱਤਾ। ਪਿਤਾ ਕੌਣ ਹੈ, ਜਿਸ ਨੇ ਆਪਣੀ ਬਿੰਦ ਦਾ ਮੇਲ ਸਾਡੀ ਮਾਤਾ ਦੇ ਰਕਤ ਨਾਲ ਕੀਤਾ, ਜਿਸ ਨਾਲ ਸਾਡਾ ਸਰੀਰ ਨਿੰਮਿਆ ਤੇ ਫੇਰ ਮਾਤਾ ਦੇ ਗਰਭ ਵਿਚ ਸਰੀਰ ਦੀ ਪ੍ਰਫੁੱਲਤਾ ਹੋਈ ਤੇ ਵਾਹਿਗੁਰੂਵਲੋਂ ਇਸ ਵਿਚ ਇਕ ਆਤਮਾ ਟਿਕਾਈ ਗਈ, ਤਾਂ ਅਸੀਂ ਜੰਮੇਂ ਅਤੇ ਇਸ ਸੰਸਾਰ ਵਿਚ ਆਏ ।

ਜ਼ਰਾ ਸੋਚੀਏ, ਸਾਡੇ ਸੰਸਾਰੀ ਮਾਂ-ਪਿਉ ਦੇ ਅੰਦਰ ਰਕਤ-ਬਿੰਦ ਨੂੰ ਪੈਦਾ ਕਰਨ ਵਾਲਾ, ਰਕਤ-ਬਿੰਦ ਨੂੰ ਮਿਲਾਉਣ ਦਾ ਜ਼ਰੀਆ ਬਨਾਉਣ ਵਾਲਾ ਤੇ ਇਸ ਵਿਚ ਜਿੰਦ ਜਾਨ ਪਾਉਣ ਵਾਲਾ ਕੋਈ ਹੈ? ਅਵੱਸ਼ ਹੈ। ਕੋਈ ਅਪਾਰ ਸ਼ਕਤੀ ਹੈ, ਜੋ ਗੁਪਤੀ ਤੌਰ ਤੇ ਇਹ ਸਾਰਾ ਕਾਰਜ ਕਰਦੀ ਹੈ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥** (ਜਪੁਜੀ)

ਤੋਂ ਜ਼ਾਹਿਰ ਹੈ ਕਿ ਸਾਡਾ ਪਿਤਾ ਪਾਣੀ ਹੈ ਅਤੇ ਮਾਤਾ ਧਰਤੀ ਹੈ। ਏਥੋਂ ਜ਼ਰਾ ਭੁਲੇਖਾ ਨਾ ਖਾ ਜਾਈਏ ਤੇ ਦੇਵੀ ਦੇਵਤਿਆਂ ਦੀ ਵਿਚਾਰ ਵਿਚ ਨ ਫਸ ਜਾਈਏ। ਪਾਣੀ ਦੇਵਤਾ ਤੇ ਧਰਤੀ ਮਾਤਾ ਦੇਵੀ ਦੀ ਪੂਜਾ ਵੱਲ ਨਾ ਲੱਗ ਜਾਈਏ। ਪਾਣੀ ਤੇ ਧਰਤੀ ਨੂੰ ਵੀ ਬਨਾਉਣ ਵਾਲਾ ਕੋਈ ਹੈ। ਉਹ ੴ ਅੰਕਾਰ ਜੀ ਹਨ। ਨਿਰਗੁਣ ਸਰੂਪ ਨਿਰੰਕਾਰ ਜੀ ਨੇ ਏਕੰਕਾਰ ਸਰਗੁਣ ਸਰੂਪ ਧਾਰ ਕੇ ਇਕ ਕਵਾਉ (ਬਚਨ) ਕੀਤਾ :-

**ਕੀਤਾ ਪਸਾਉ ਏਕੋ ਕਵਾਉ ॥** (ਜਪੁਜੀ)

ਵਾਕ ਬੋਲਿਆ, ਬਚਨ ਆਖਿਆ ਤੇ ਉਸ ਤੋਂ ਪਵਨ ਪੈਦਾ ਹੋਈ, ਪਵਨ ਤੋਂ ਜਲ ਤੇ ਫੇਰ ਜਲ ਤੋਂ ਅਗਾਂਹ ਸਾਰੀ ਸ੍ਰਿਸ਼ਟੀ ਬਣੀ :-

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**

**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥**

ਇਸ ਤੋਂ ਅਸੀਂ ਸੌਖੇ ਹੀ ਸਿੱਟਾ ਕੱਢ ਸਕਦੇ ਹਾਂ ਕਿ ਮਾਤਾ ਪਿਤਾ ਸਾਡਾ ਵਾਹਿਗੁਰੂ ਹੀ ਹੈ। ਸੰਸਾਰੀ ਮਾਤਾ ਪਿਤਾ ਤਾਂ ਇਕ ਜ਼ਰੀਆ ਹਨ, ਸਾਡੇ ਲਈ ਇਸ ਸੰਸਾਰ ਵਿਚ ਆਉਣ ਦਾ :-

**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**

**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥**

ਯਥਾ

**ਜੀਅ ਜੰਤ ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥** (ਅੰਗ-1●3)

ਬੜੇ ਸਾਫ ਸਪਸ਼ਟ ਸ਼ਬਦਾਂ ਵਿਚ ਮਹਾਰਾਜ ਸ੍ਰੀ ਗੁਰੂਅਰਜਨ ਦੇਵ ਜੀ ਨੇ ਉਪ੍ਰੋਕਤ ਸ਼ਬਦ ਵਿਚ ਫੁਰਮਾਇਆ ਹੈ ਕਿ ਐ ਵਾਹਿਗੁਰੂਜੀਓ ! ਤੂੰ ਹੀ ਮੇਰਾ ਪਿਤਾ ਹੈਂ ਅਤੇ ਤੂੰ ਹੀ ਮੇਰਾ ਮਾਤਾ ਹੈਂ। ਮੇਰਾ ਭਰਾ ਵੀ ਤੂੰ ਹੀ ਹੈਂ ਅਤੇ ਰਿਸ਼ਤੇਦਾਰ ਵੀ। ਮੇਰੀ ਰਖਿਆ ਵੀ ਹਰ

ਥਾਂ ਤੂੰ ਕਰਦਾ ਹੈਂ ਇਸ ਲਈ ਮੈਨੂੰ ਕੋਈ ਵੀ ਕਿਸੇ ਤਰ੍ਹਾਂ ਦਾ ਡਰ ਨਹੀਂ। ਸਾਰੇ ਜੀਅ ਜੰਤ ਤੂੰ ਆਪ ਹੀ ਪੈਦਾ ਕੀਤੇ ਹਨ ਅਤੇ ਆਪਣੇ ਹੁਕਮ ਵਿਚ ਹੀ ਉਨ੍ਹਾਂ ਨੂੰ ਕਾਰ ਵਿਚ ਲਗਾਇਆ ਹੋਇਆ ਹੈ। ਇਸ ਲਈ ਮੈਨੂੰ ਕੋਈ ਚਿੰਤਾ ਨਹੀਂ ਕਿ ਮੇਰੀ ਸੰਭਾਲ ਕੌਣ ਕਰੇਗਾ, ਮੇਰੀ ਪਾਲਣਾ ਕੌਣ ਕਰੇਗਾ। ਰਾਮਕਲੀ ਰਾਗ ਵਿਚ ਫੇਰ ਆਖਦੇ ਹਨ :-

**ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥**

**ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥** (ਅੰਗ-884)

ਵਾਹਿਗੁਰੁਪਿਤਾ ਜੀ ਤੁਸੀਂ ਸਾਨੂੰ ਸਭ ਕੁਝ ਖਾਣ ਨੂੰ ਦਿੰਦੇ ਹੋ। ਖੀਰ, ਦੁੱਧ ਆਦਿ ਵਸਤਾਂ ਆਪਣੇ ਬੱਚਿਆਂ ਲਈ ਪੈਦਾ ਕਰਦੇ ਹੋ। ਸਾਨੂੰ ਲਾਡ ਪਿਆਰ ਦੇ ਕੇ ਆਪ ਜੀ ਖਿਡਾਉਂਦੇ ਰਹਿੰਦੇ ਹੋ :-

**ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥**

**ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥** (ਅੰਗ-1101)

ਮੇਰੇ ਮਾਤਾ ਪਿਤਾ ਵਾਹਿਗੁਰੂਜੀ ਹਨ। ਸਾਡੀ ਪ੍ਰਿਤਪਾਲਣਾ ਉਹ ਆਪ ਕਰਦਾ ਹੈ। ਅਸੀਂ ਉਸ ਦੇ ਬਣਾਏ ਹੋਏ ਜੀਵ ਹਾਂ। ਪ੍ਰਮਾਤਮਾ ਸਾਡੀ ਪੂਰੀ ਦੇਖ ਰੇਖ ਕਰਦਾ ਹੈ:-

**ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥**

**ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥** (ਅੰਗ- 674)

ਉਹ ਮਾਲਕ ਨਿਮਖ ਸਾਡੀ ਪਾਲਣਾ ਕਰਦਾ ਹੈ ਕਿਉਂਕਿ ਉਸਦੇ ਪੈਦਾ ਕੀਤੇ ਹੋਏ ਅਸੀਂ ਉਸਦੇ ਜੀਵ ਹਾਂ। ਭਾਵੇਂ ਦੁਨਿਆਵੀ ਮਾਤਾ ਪਿਤਾ ਸਾਡੇ ਬਚਪਨ ਤੋਂ ਸਾਨੂੰ ਪਾਲਦੇ ਹਨ, ਪਰ ਜਿਨ੍ਹਾਂ ਵਸਤਾਂ ਨਾਲ ਉਹ ਸਾਡੀ ਪ੍ਰਵਰਿਸ਼ ਕਰਦੇ ਹਨ, ਉਨ੍ਹਾਂ ਵਸਤਾਂ ਦਾ ਦੇਣਹਾਰ ਤਾਂ ਵਾਹਿਗੁਰੂਹੈ। ਅੰਨ ਪਾਣੀ ਪੈਦਾ ਕਰਨ ਵਾਲਾ ਵਾਹਿਗੁਰੂਹੈ, ਸੁੱਖਾਂ ਦਾ ਸਾਗਰ ਹੈ। ਕੇਵਲ ਸਾਨੂੰ ਹੀ ਨਹੀਂ ਸਾਰੇ ਬ੍ਰਹਮੰਡ ਨੂੰ ਪੈਦਾ ਕਰਦਾ ਅਤੇ ਪਾਲਣਾ ਪੋਸ਼ਣਾ ਵੀ ਆਪ ਹੀ ਕਰਦਾ ਹੈ, ਕਰਤਾ ਪੁਰਖ ਹੈ :-

**ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥**

**ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥** (ਅੰਗ - 209)

ਇਸੇ ਤਰ੍ਹਾਂ :-

**ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥**

**ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥ ਰਹਾਉ ॥** (ਅੰਗ-209)

ਅੰਨ ਪਾਣੀ ਬਖਸ਼ ਕੇ ਪ੍ਰਿਤਪਾਲਣਾ ਤਾਂ ਕਰਦਾ ਹੀ ਹੈ। ਮਾਲਕ ਦੇ ਤੌਰ ਤੇ ਸਭ ਤਰ੍ਹਾਂ ਦਾ ਧਿਆਨ ਰਖਦਾ ਹੈ, ਦੇਈ ਜਾਂਦਾ ਹੈ, ਦੇਈ ਜਾਂਦਾ ਹੈ। ਉਸ ਦੇ ਘਰ ਵਿਚ ਕੋਈ ਤੋਟ ਨਹੀਂ ਆਉਂਦੀ। ਉਸ ਦੇ ਭੰਡਾਰ ਹਮੇਸ਼ਾ ਭਰੇ ਦੇ ਭਰੇ ਰਹਿੰਦੇ ਹਨ। ਧਰਤੀ ਨੂੰ ਮਾਤਾ ਕਿਉਂ ਕਿਹਾ ਹੈ? ਜ਼ਮੀਨ ਵਿਚ ਆਮ ਤੌਰ ਤੇ ਦੋ ਫਸਲਾਂ ਚਲਦੀਆਂ ਹਨ, ਹਾੜੀ ਤੇ ਸਉਣੀ। ਉਸੀ ਜ਼ਮੀਨ ਵਿਚ ਹਾੜੀ ਵੇਲੇ ਦੀ ਕੀਤੀ ਹੋਈ ਬਿਜਾਈ ਦੇ ਬੀਜ ਉੱਗਦੇ ਹਨ ਤੇ ਉਥੇ ਹੀ ਫੇਰ ਸਉਣੀ ਦੀ ਸਫਲ ਹੋ ਜਾਂਦੀ ਹੈ। ਵਾਰ ਵਾਰ ਬੂਟੇ ਉੱਗਣ ਨਾਲ, ਬੜੇ ਹੋਣ ਨਾਲ ਫਲਣ ਨਾਲ ਉਸ ਥਾਂ ਦੀ ਸ਼ਕਤੀ ਨਸ਼ਟ ਨਹੀਂ ਹੁੰਦੀ। ਪਤਾ ਨਹੀਂ ਕਦੋਂ ਦੀਆਂ ਹਾੜੀ ਸਉਣੀ ਦੀਆਂ ਫਸਲਾਂ ਉਗਦੀਆਂ ਚਲੀਆਂ ਆ ਰਹੀਆਂ ਹਨ। ਬੇਅੰਤ ਸਦੀਆਂ ਹੋ ਗਈਆਂ ਹੋਣਗੀਆਂ, ਪਰ ਉਸ ਦੇ ਭੰਡਾਰੇ ਖਤਮ ਨਹੀਂ ਹੁੰਦੇ। ਅੱਜ ਕੱਲ ਤਾਂ ਸਾਲ ਵਿਚ ਇਕ ਜ਼ਮੀਨ ਤੋਂ ਕਈ ਸਫਲਾਂ ਲਈਆਂ ਜਾਂਦੀਆਂ ਹਨ। ਅਸੀਂ ਭੁਲੇਖੇ ਵਿਚ ਰਹਿੰਦੇ ਹਾਂ, ਆਪਣੇ ਆਪ ਨੂੰ ਪ੍ਰਮਾਤਮਾ ਦੇ ਬੱਚੇ ਸਮਝਣ ਦੀ ਥਾਂ ਦੁਨਿਆਵੀ ਮਨੁੱਖਾਂ ਦੀ ਟੇਕ ਤਕਾਉਂਦੇ ਹਾਂ। ਮਨਮਤਿ ਵਿਚ ਸਵਦੇ ਹਾਂ।

ਗੁਰਵਾਕ ਹੈ :-

**ਕਾ ਕੀ ਮਾਈ ਕਾ ਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥**

**ਕਾਹੇ ਕਉ ਮੂਰਖ ਭਖਲਾਇਆ ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥** (ਗਉੜੀ ਮ 5, ਅੰਗ 188)

ਇਹ ਮਾਂ ਬਾਪ ਤਾਂ ਨਾਮ ਮਾਤਰ ਹਨ, ਝੂਠੇ ਹਨ। ਪ੍ਰਮਾਤਮਾ ਦੇ ਹੁਕਮ ਨਾਲ ਪੂਰਬਲੇ ਸੰਯੋਗ ਕਰਕੇ ਮਿਲੇ ਹਨ। ਦੁਨਿਆਵੀ ਸਾਕਾਂ ਦੀ ਪ੍ਰੀਤ ਜੋ ਹੈ, ਸੋ ਮਤਲਬੀ ਹੈ। ਅਪਣੇ ਸੁੱਖ ਲਈ ਹੀ ਇਕ ਦੂਜੇ ਨਾਲ ਸਨੇਹ ਕਰਦੇ ਹਨ। ਭਾਵੇਂ ਪੁੱਤਰ ਹੈ ਭਾਵੇਂ ਪਤਨੀ ਹੈ। ਅਸਚਰਜ ਗੱਲ ਇਹ ਹੈ ਕਿ ਅੰਤ ਸਮੇਂ ਕੋਈ ਸਾਥ ਨਹੀਂ ਦਿੰਦਾ :–

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**
**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥ਰਹਾਉ ॥**
**ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥**
**ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥** (ਅੰਗ – 536)

ਅਸੀਂ ਇਹਨਾਂ ਸਾਕਾਂ ਦੇ ਭਰੋਸੇ ਰਹਿੰਦੇ ਹਾਂ। ਪਰਮ ਪਿਤਾ ਪ੍ਰਮਾਤਮਾ ਤੇ ਭਰੋਸਾ ਨਹੀਂ ਕਰਦੇ। ਉਸ ਸਾਂਝੇ ਬਾਪ ਨੂੰ ਜੇਕਰ ਸਮਝ ਲਈਦੇ, ਉਹ ਸਾਡੇ ਨਾਲ ਚਾਉ ਲਾਡ ਕਰਦਾ ਹੈ ਤੇ ਸਾਡੇ ਅਉਗੁਣਾ ਨੂੰ ਨਹੀਂ ਚਿਤਾਰਦਾ:–

**ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥**
**ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥**
**ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥** (ਅੰਗ–1101)

ਮਾਂ ਵਾਂਗੂੰ ਗਲ ਨਾਲ ਲਾ ਦੇ ਸੰਭਾਲ ਕਰਦਾ ਹੈ। ਉਸ ਦੇ ਖਜ਼ਾਨੇ ਭਰਪੂਰ ਹਨ। ਜਿਸ ਨੂੰ ਦਿੰਦਾ ਹੈ, ਉਸ ਦੀ ਨਿਸ਼ਾ ਹੋ ਜਾਂਦੀ ਹੈ:–

**ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ਨਉ ਨਿਧਿ ਤੇਰੈ ਅਖੁਟ ਅਖੁਟ ਭੰਡਾਰਾ ॥**
**ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ॥ਸੋਈ ਭਗਤੁ ਤੁਮਾਰਾ ਜੀਉ ॥**
**ਸਭੁ ਕੋ ਆਸੈ ਤੇਰੀ ਬੈਠਾ ॥ਘਟ ਘਟ ਅੰਤਰਿ ਤੂੰ ਹੈ ਵੁਠਾ ॥**
**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥** (ਰਾਗ ਮਾਝ ਮ: 5, ਅੰਗ–97)

ਜੇਕਰ ਅਸੀਂ ਪਿਤਾ ਸਮਝ ਕੇ ਉਸ ਨੂੰ ਅਪਣਾ ਲਈਏ, ਉਹ ਪਿਤਾ ਤਾਂ ਹੈ ਹੀ, ਕੇਵਲ ਸਾਨੂੰ ਭੁਲੇਖ ਹੈ, ਭਰਮ ਹੈ, ਭਟਕਣ ਹੈ। ਅੰਤਰ ਆਤਮੇ ਤੋਂ ਪਿਤਾ ਸਮਝ ਲਈਏ ਤਾਂ ਉਹ ਸਭ ਦੀ ਪ੍ਰਿਤਪਾਲਣਾ ਕਰਦਾ ਨਜ਼ਰੀਂ ਆਉਂਦਾ ਹੈ। ਪੁੱਤਰ ਨੂੰ ਅਉਖੀ ਘੜੀ ਨਹੀਂ ਦੇਖਣ ਦਿੰਦਾ, ਆਪਣਾ ਹੱਥ ਦੇ ਕੇ ਹਮੇਸ਼ਾ ਰਾਖੀ ਤੇ ਸੰਭਾਲ ਕਰਦਾ ਹੈ:–

**ਅਉਖੀ ਘੜੀ ਨੇ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥**
**ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥** (ਅੰਗ–672)

ਸਾਸ ਸਾਸ ਸਾਡੀ ਪਾਲਣਾ ਕਰਦਾ ਹੈ। ਲੋੜ ਹੈ ਸਾਡੇ ਹਿਰਦੇ ਵਿਚ ਪ੍ਰੇਮ ਭਾਵਨਾ ਜਗਾਣ ਦੀ। ਆਮ ਤੌਰ ਤੇ ਸਾਨੂੰ ਦੁਨੀਆਵੀ ਲੋਕਾਂ ਦੀ ਆਸ ਹੁੰਦੀ ਹੈ, ਆਪਣੇ ਧੀਆਂ ਪੁੱਤਰਾਂ ਤੇ ਕਿ ਕਮਾਈ ਕਰੇਗਾ, ਸਾਨੂੰ ਖੁਆਏਗਾ, ਸਾਡੀ ਅੰਤਲੇ ਦਿਨਾਂ ਵਿਚ ਸੇਵਾ ਕਰੇਗਾ। ਇਸੇ ਤਰ੍ਹਾਂ ਧੀਆਂ ਪੁੱਤ੍ਰਾਂ ਨੂੰ ਆਸ ਹੁੰਦੀ ਹੈ ਆਪਣੇ ਮਾਤਾ ਪਿਤਾ ਪਰ :–

**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਈ ਨ ਕਿਸ ਕੀ ਧਰਿਆ ॥**
**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥** (ਮ. 5, ਅੰਗ –10)

ਗੁਰੂਸਾਹਿਬ ਸਮਝਾਉਂਦੇ ਹਨ ਕਿ ਮਾਤਾ ਪਿਤਾ ਰਿਸ਼ਤੇਦਾਰ ਪੁੱਤ੍ਰ ਧੀਆਂ ਤੇ ਪਤਨੀ ਆਦਿ ਕੋਈ ਕਿਸੇ ਦਾ ਸਹਾਰਾ ਨਹੀਂ ਬਣਦੇ, ਜੋ ਜੋ ਪ੍ਰਭੂਨੇ ਕਿਸੇ ਨੂੰ ਦੇਣਾ ਹੁੰਦਾ ਹੈ, ਉਹ ਤੇ ਹਰ ਇਕ ਦੇ ਭਾਗਾਂ ਵਿਚ ਲਿਖਿਆ, ਆਪ ਪ੍ਰਮਾਤਮਾ ਸਭ ਨੂੰ ਰਿਜ਼ਕ ਦੇਂਦਾ ਹੈ, ਮੂਰਖ ਮਨੁੱਖ ਐਵੇਂ ਡਰਦਾ ਫਿਰਦਾ ਹੈ।

ਮਾਂ, ਬਾਪ, ਧੀਆਂ, ਪੁੱਤਰਾਂ ਸਬੰਧੀ ਗੁਰਬਾਣੀ ਵਿਚੋਂ ਇਹ ਥੋੜ੍ਹੀ ਜਿਹੀ ਵਿਚਾਰ ਲਈ ਹੈ। ਆਓ ਹੁਣ ਦੇਖਦੇ ਹਾਂ ਕਿ ਸਾਡਾ ਮਿੱਤਰ ਕੌਣ ਹੈ। ਮਹਾਰਾਜ ਸ੍ਰੀ ਗੁਰੂਅਰਜਨ ਦੇਵ ਜੀ ਦੇ ਵਾਕ ਹਨ :–

**ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥**
**ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥**

**ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥**

**ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥**

**ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥**

**ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥**

**ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥**

**ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥** (ਮ. 5, ਅੰਗ-958)

ਗੁਰੁਸਾਹਿਬ ਫੁਰਮਾਉਂਦੇ ਹਨ ਕਿ ਮੇਰੀ ਦੋਸਤੀ ਵੀ ਉਸੇ ਇਕ ਵਾਹਿਗੁਰੂਨਾਲ ਹੈ। ਮਨ ਦੇ ਚਾਉ, ਮਲ੍ਹਾਰ ਵੀ ਉਸੇ ਨਾਲ ਪੂਰੇ ਹੁੰਦੇ ਹਨ। ਆਦਿ ਅੰਤ ਸਦਾ ਸਹਾਈ ਵੀ ਉਹੋ ਰਹਿੰਦਾ ਹੈ। ਮੇਰ; ਮਨ ਦੀ ਸਾਰੀ ਗੱਲ ਉਹ ਜਾਣਦਾ ਹੈ। ਅਤੇ ਮੇਰਾ ਐਸਾ ਪ੍ਰਭੂ, ਮਿੱਤਰ ਸਭ ਨੂੰ ਦਾਤਾਂ ਦੇਣ ਵਾਲਾ ਹੈ।

ਵਾਹਿਗੁਰੂਜੀ ਨੇ ਬਖਸ਼ਿਸ਼ ਕਰਕੇ ਮੈਨੂੰ (ਸੰਤ) ਸਤਿਗੁਰੂਮਿਲਾ ਦਿੱਤਾ ਹੈ ਤੇ ਮੈਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਅਕਾਲ ਪੁਰਖ ਤੋਂ ਸਿਵਾ ਹੋਰ ਕੋਈ ਮੇਰਾ ਮਿੱਤਰ ਨਹੀਂ ਹੋ ਸਕਦਾ।

ਜਦੋਂ ਇਕ ਵਾਹਿਗੁਰੂਨਾਲ ਦੋਸਤੀ ਹੋ ਗਈ, ਇਕ ਨਾਲ ਹੀ ਰੰਗਰਲੀਆਂ ਮਨਾਉਣ ਲਗ ਪਿਆ। ਜਗਿਆਸੂਹੋਰ ਦੋਸਤੀਆਂ ਨੂੰ ਕੂੜੀਆਂ ਕਰਕੇ ਜਾਣਦਾ ਹੈ। ਉਸ ਨੂੰ ਸਮਝ ਆ ਗਈ ਕਿ ਬਾਕੀ ਦੋਸਤੀਆਂ ਤਾਂ ਮਾਇਆ ਦੀਆਂ ਹਨ, ਪੈਸੇ ਦੀਆਂ ਹਨ। ਜਿੰਨਾ ਚਿਰ ਮਾਇਆ ਕੋਲ ਹੈ ਖਾਂਦਾ ਪਿਆਉਂਦਾ ਰਹਿੰਦਾ ਹੈ, ਉੱਨਾ ਚਿਰ ਦੋਸਤ, ਦੋਸਤ ਹਨ, ਤੇ ਜਦੋਂ ਪੈਸਾ ਖਤਮ ਹੋਇਆ ਦੋਸਤ ਦੂਰੋਂ ਹੀ ਭੱਜ ਜਾਂਦੇ ਹਨ। ਮਤਲਬੀ ਯਾਰ ਜੋ ਹੋਏ, ਗੁਰਬਾਣੀ ਐਵੇਂ ਤਾਂ ਨਹੀਂ ਨਿਬੇੜੇ ਕਰਦੀ :-

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥**

**ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥**

**ਯਥਾ**

**ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥**

**ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥**

**ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ ॥**

**ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ ॥** (ਅੰਗ 959)

ਉਹ ਆਪ ਕੂੜੇ ਹਨ, ਉਨ੍ਹਾਂ ਦਾ ਪਿਆਰ ਕੂੜਾ ਹੈ। ਗੰਢਾਂ ਪੋਲੀਆ ਹਨ, ਪੀਡੀਆਂ ਨਹੀਂ। ਉਹ ਆਪਣੇ ਹੀ ਸੁਖ ਲਈ ਤੁਹਾਡੇ ਨਾਲ ਪ੍ਰੇਮ ਪਾਈ ਬੈਠੇ ਹਨ, ਸੁਖ ਵਿਚ ਤੁਹਾਡੇ ਨੇੜੇ ਹੋ ਬੈਠਣਗੇ ਪਰ ਬਿਪਤਾ ਵੇਲੇ ਕੋਈ ਨਹੀਂ ਨਿਭਾਉਂਦਾ। ਕੋਈ ਨੇੜੇ ਨਹੀਂ ਆਉਂਦਾ। ਸਭ ਛੱਡ ਜਾਂਦੇ ਹਨ।

ਐ ਮੂਰਖਾ! ਤੂੰ ਇਸ ਗੱਲ ਨੂੰ ਸਮਝ, ਐਵੇਂ ਪਾਣੀ ਨੂੰ ਰਿੜਕਣ ਦੀ ਕੋਸ਼ਿਸ਼ ਨ ਕਰ। ਆਪਣੇ ਸੱਚੇ ਦੋਸਤ ਦੀ ਪਛਾਣ ਕਰ। ਜਿਸ ਦਿਨ ਤੇਰੇ ਪਾਸ ਖੁਆਉਣ ਨੂੰ ਕੁਝ ਨਹੀਂ ਹੁੰਦਾ ਉਹ ਬੁਰਾ ਭਲਾ ਆਖਦੇ ਹਨ:-

**ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥**

**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥ਰਹਾਉ ॥**

**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥**

**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥** (ਅੰਗ 634)

ਅਸਲ ਵਿਚ ਪ੍ਰਭੂਪ੍ਰਪਤੀ ਪ੍ਰੇਮ ਤੇ ਸਤਿਗੁਰੂਨਾਲ ਪਿਆਰ ਕਰਨ ਵਾਲਾ ਜਗਿਆਸੂਆਪਣੇ ਮਿਤ੍ਰ ਉਨ੍ਹਾਂ ਨੂੰ ਹੀ ਬਣਾਉਂਦਾ ਜਾਂ ਸਮਝਦਾ ਹੈ ਜਿਨ੍ਹਾਂ ਨੂੰ ਮਿਲ ਕੇ, ਜਿਨ੍ਹਾਂ ਦਾ ਸੰਗ ਕਰਕੇ ਖੋਟੀ ਮਤ ਦੂਰ ਹੁੰਦੀ ਹੈ। ਸ਼ੁਭ ਆਚਾਰ ਅੰਦਰ ਪੈਦਾ ਹੋਣ। ਮਨ ਦੀ ਮੱਤ ਅਨੁਸਾਰ ਜੀਵਨ ਗੁਜ਼ਾਰਨ ਦੀ ਥਾਂ ਗੁਰੂਦੀ ਮਤਿ ਨੂੰ ਆਪਣੇ ਜੀਵਨ ਦੀ ਅਗਵਾਈ ਲਈ ਵਰਤਦਾ ਹੈ। ਐਸੇ ਸੱਜਨ ਵਿਰਲੇ ਮਿਲਦੇ ਹਨ। ਬਚਨ ਹਨ:-

**ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥**

**ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥** (ਅੰਗ 520)

ਮੇਰਾ ਉਹ ਮਿੱਤ੍ਰ ਹੈ ਜੋ ਪ੍ਰਭੂਦੀਆਂ ਹੀ ਗੱਲਾਂ ਕਰੇ। ਹਰਿ ਨਾਮ ਦਾ ਸਤਿਸੰਗ ਕਰੇ। ਪ੍ਰਮਾਤਮਾ ਪ੍ਰਤੀ ਗੋਸ਼ਟੀ, ਕਥਾ ਕਹਾਣੀਆਂ ਕਰੇ, ਜਿਸ ਨਾਲ ਮੇਰੇ ਪਿਆਰੇ ਪ੍ਰੀਤਮ ਨਾਲ ਮੇਰਾ ਪਿਆਰ ਵਧੇ :-

**ਓਇ ਸਾਜਨ ਓਇ ਮੀਤ ਪਿਆਰੇ ॥**

**ਜੋ ਹਮ ਕਉ ਹਰਿ ਨਾਮੁ ਚਿਤਾਰੇ ॥ਰਹਾਉ ॥** (ਅੰਗ-739)

ਅਜੇਹਾ ਸੱਜਨ ਕੌਣ ਹੋ ਸਕਦਾ ਹੈ? ਸਤਿਗੁਰੂਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ ਜਾਂ ਫੇਰ ਗੁਰਮੁਖਿ। ਸਤਿਗੁਰੂਜਿੱਥੇ ਕਿਤੇ ਵੀ ਮਿੱਤ੍ਰ ਦੀ ਲੋੜ ਪੈਂਦੀ ਹੈ, ਉਥੇ ਆ ਕੇ ਖੜ੍ਹੇ ਹੋ ਜਾਂਦੇ ਹਨ। ਸਾਡੇ ਅੰਗ ਸੰਗ ਸਹਾਈ ਹੁੰਦੇ ਹਨ ਅਤੇ ਇਸ ਸੰਸਾਰ ਨੂੰ ਛੱਡਣ ਵੇਲੇ ਵੀ ਸਾਡੇ ਨਾਲ ਜਾਂਦੇ ਹਨ :-

**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥**

**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ਰਹਾਉ ॥** (ਅੰਗ - 729)

ਆਪਣੇ ਮਿਤ੍ਰ ਜਿਵੇਂ ਇਕ ਮਿਤ੍ਰ ਨੂੰ ਬਿਨਾਂ ਮਿਲੇ ਨਹੀਂ ਰਹਿ ਸਕਦਾ। ਉਸ ਨੂੰ ਹਰ ਰੋਜ਼ ਮਿਲਣਾ, ਦੇਖਣਾ ਤੇ ਉਸ ਨਾਲ ਗੱਲਾਂ ਕਰਨਾ ਚਾਹੁੰਦਾ ਹੈ। ਇਸੇ ਤਰ੍ਹਾਂ ਗੁਰ-ਸਿੱਖ, ਸਤਿਗੁਰੂਦੇ ਸਦਾ ਹਜ਼ੂਰ ਰਹਿਣਾ ਚਾਹੁੰਦਾ ਹੈ। ਸਤਿਗੁਰੂਨੂੰ ਦੇਖੇ ਬਿਨਾਂ ਉਸ ਨੂੰ ਚੈਨ ਨਹੀਂ ਆਉਂਦੀ :-

**ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥**

**ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥** (ਅੰਗ-94)

ਇਸ ਤਰ੍ਹਾਂ ਸਤਿਗੁਰੂਹਰ ਤਰ੍ਹਾਂ ਸਾਡਾ ਮੀਤ ਹੈ। ਸਤਿਗੁਰੂਜੀ ਵਾਹਿਗੁਰੂਦਾ ਰੂਪ ਹਨ। ਵਾਹਿਗੁਰੂਕਰਤਾ ਪੁਰਖ ਹੈ। ਵਾਹਿਗੁਰੂਤੇ ਸਤਿਗੁਰੂਦਾ ਰੂਪ ਸਾਡੇ ਕੋਲ ਗੁਰਾਂ ਦੇ ਬਚਨ, ਗੁਰੂਦੀ ਬਾਣੀ ਤੇ ਗੁਰੂਵਲੋਂ ਬਖਸ਼ਿਆ ਹੋਇਆ ਸ਼ਬਦ ਸਾਡੇ ਅੰਗ ਸੰਗ ਰਹਿੰਦਾ ਹੈ ਅਤੇ ਉਹ ਸ਼ਬਦ ਸਰਬ ਕਲਾਂ ਸਮਰਥ ਹੈ। ਮੇਰਾ ਗਹਿਣਾ ਤੇ ਮੇਰੀ ਇੱਜ਼ਤ ਸਭ ਕੁਝ 'ਵਾਹਿਗੁਰੂ' ਸ਼ਬਦ ਹੈ। ਸ਼ਬਦ, ਤੋਂ ਬਿਨਾ ਮੈਂ ਨਿਮਖ ਵੀ ਨਹੀਂ ਜੀਅ ਸਕਦਾ :-

**ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥**

**ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥**

**ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ ॥**

**ਤੁਝ ਬਿਨੁ ਨਿਮਖੁ ਨ ਜਾਈ ਰਹਣਾ ।** (ਗਉੜੀ ਗੁਆਰੇਰੀ ਮ: 5, ਅੰਗ - 181)

ਉਸ ਵਾਹਿਗੁਰੂਮਿਤ੍ਰ ਦੇ ਕਰਤੱਵ ਬੜੇ ਕੁਸ਼ਲ ਹਨ। ਸਭ ਕੁਝ ਕਰਨਹਾਰ ਹੈ। ਬੜਾ ਬੇਪਰਵਾਹ ਹੈ। ਗੁਰੂਦੀ ਕਿਰਪਾ ਨਾਲ ਮੇਰਾ ਇਹ ਆਸਰਾ ਬਣਿਆ ਹੈ।

ਮਨੁੱਖੀ ਮਿੱਤ੍ਰਾਂ ਦੀ ਤਾਕਤ ਕਿਥੋਂ ਕੁ ਤਕ ਹੋ ਸਕਦੀ ਹੈ? ਉਹ ਤਾਂ ਆਪਣੀ ਸਮੱਸਿਆਵਾਂ ਨਾਲ, ਦੁੱਖਾਂ ਨਾਲ, ਤੋਟ ਨਾਲ ਭਰੇ ਹੁੰਦੇ ਹਨ ਪਰ ਵਾਹਿਗੁਰੂਅੰਤਰਜਾਮੀ ਵੀ ਹੈ, ਸਭ ਦਾ ਮਾਲਕ ਵੀ ਅਤੇ ਸਮਰੱਥ ਪੁਰਖ ਹੈ :-

**ਮੀਤੁ ਕਰੈ ਸੋਈ ਹਮ ਮਾਨਾ ॥**

**ਮੀਤ ਕੇ ਕਰਤਬ ਕੁਸਲ ਸਮਾਨਾ ॥**

**ਏਕਾ ਟੇਕ ਮੇਰੈ ਮਨਿ ਚੀਤ ॥**

**ਜਿਸ ਕਿਛੁ ਕਰਣਾ ਸੁ ਹਮਰਾ ਮੀਤ ॥ਰਹਾਉ ॥**

**ਮੀਤੁ ਹਮਾਰਾ ਵੇਪਰਵਾਹਾ ॥**

**ਗੁਰ ਕਿਰਪਾ ਤੇ ਮੋਹਿ ਅਸਨਾਹਾ ॥**

**ਮੀਤੁ ਹਮਾਰਾ ਅੰਤਰਜਾਮੀ ॥**

**ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥** (ਗਉੜੀ ਮ: 5, ਅੰਗ-187)

ਦੁਨੀਆਂ ਵਿਚ ਲੋਕੀਂ ਵਸਦੇ ਹਨ, ਧੜੇਬਾਜੀ ਦੇ ਸਹਾਰੇ ।ਜਿਧਰ ਵੀ ਦੇਖੋ ਕਿਸੇ ਨਾ ਕਿਸੇ ਗੁਟ, ਕਿਸੇ ਨਾ ਕਿਸੇ ਧੜੇਬਾਜੀ ਵਿਚ, ਗਰੁੱਪਾਂ ਵਿਚ ਵੰਡਿਆ ਹੋਇਆ ਹੈ ਇਨਸਾਨ। ਜਿਸ ਖੇਤਰ ਵਿਚ ਵੀ ਬੰਦਾ ਕੰਮ ਕਰਦਾ ਹੈ ਉਸ ਨੇ ਆਪਣਾ ਕੋਈ ਨਾ ਕੋਈ ਗਰੁੱਪ ਬਣਾਇਆ ਹੋਇਆ ਹੈ। ਰਿਸ਼ਤੇਦਾਰੀ ਵਿਚ ਆਪਣਿਆਂ ਦੇ ਵਿਰੋਧ ਵਿਚ ਹੀ ਗੁੱਟ ਬੰਦੀ ਕਰੀਂ ਰਖਦਾ ਹੈ। ਕਿਸੇ ਨੂੰ ਆਪਣਾ ਸਨੇਹੀ ਸਮਝਦਾ ਹੈ ਤੇ ਕਿਸੇ ਨੂੰ ਆਪਣਾ ਵੈਰੀ ਸਮਝਦਾ ਹੈ। ਪਾਰਟੀ ਬਾਜ਼ੀ ਕਰਕੇ ਇਕ ਦੂਜੇ ਦੀ ਪੱਤ ਲਾਹੁਣ ਤਕ ਜਾਂਦਾ ਹੈ। ਜਿਥੇ ਇਹ ਇਕ ਸਮਾਜਕ ਬੁਰਾਈ ਹੈ ਉਥੇ ਅਧਿਆਤਮਵਾਦ ਦੀ ਉੱਨਤੀ ਵਿਚ ਰੁਕਾਵਟ ਵੀ ਹੈ:-

**ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥**

**ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥**

**ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥**

**ਹਮਾਰਾ ਧੜਾ ਹਰਿ ਰਹਿਆ ਸਮਾਈ ॥1॥**

ਯਥਾ

**ਜਿਨ ਸਿਉ ਧੜੇ ਕਰਹਿ ਸੇ ਜਾਹਿ ਝੂਠੁ ਧੜੇ ਕਰਿ ਪਛੋਤਾਹਿ ॥2॥**

ਯਥਾ

**ਸਿਖਿਆ ਦੂਜਾ ਭਾਉ ਧੜੇ ਬਹਿ ਪਾਵੈ**

**ਪਰਾਇਆ ਛਿਦ੍ਰ ਅਪਣਾ ਅਟਕਲੈ ਆਪਣਾ ਅਹੰਕਾਰੁ ਵਧਾਵੈ ॥**

**ਜੈਸਾ ਬੀਜੈ ਤੈਸਾ ਖਾਵੈ ॥**

**ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣ ਆਵੈ ॥ 5 ॥** (ਆਸਾ ਮ: 4, ਅੰਗ- 366)

ਇਸ ਤਰ੍ਹਾਂ ਇਹ ਸਭ ਧੜੇ, ਗੁਰੱਪ, ਗੁੱਟ ਬੇਅਰਥ ਹਨ, ਗੁਰਮੁਖ ਕੇਵਲ ਵਾਹਿਗੁਰੂ ਨੂੰ ਹੀ ਆਪਣਾ ਸਹਾਰਾ ਬਣਾਉਂਦਾ ਹੈ। ਚੌਥੇ ਗੁਰੂ ਨਾਨਕ ਸਾਹਿਬ ਜੀ ਆਖਦੇ ਹਨ ਕਿ ਧੀਆਂ-ਪੁੱਤਰਾਂ, ਸੱਜਣਾਂ-ਮਿੱਤਰਾਂ, ਭੈਣਾਂ ਭਰਾਵਾਂ, ਜੁਆਈਆਂ ਤੇ ਕੁੜਮਾਂ ਨਾਲ ਧੜੇ ਬਣਾਉਣ ਅਤੇ ਅਮੀਰਾਂ, ਸਰਕਾਰੀ ਅਹੁਦੇਦਾਰਾਂ ਚਉਧਰੀਆਂ ਨਾਲ ਧੜੇਬੰਦੀ ਕਰਨੀ ਆਦਿ ਝੂਠੇ ਧੜੇ ਹਨ, ਇਹ ਹਮੇਸ਼ਾ ਨਹੀਂ ਰਹਿੰਦੇ। ਆਮ ਵੇਖਣ ਵਿਚ ਆਉਂਦਾ ਹੈ ਕਿ ਅੱਜ ਤੁਹਾਡੀ ਇਕ ਧੜੇ ਨਾਲ ਸਹਿਮਤੀ ਹੈ, ਉਹ ਤੁਹਾਡੀ ਗੱਲ ਮੰਨਦੇ ਹਨ। ਕਲ੍ਹੇ ਤੁਹਾਡੀ ਇਸ ਧੜੇ ਨਾਲ ਦੁਸ਼ਮਣੀ ਹੋ ਜਾਂਦੀ ਹੈ, ਪਛਤਾਉਣਾ ਪੈਂਦਾ ਹੈ। ਵਾਹਿਗੁਰੂ ਨਾਲ ਬਣਾਏ ਗਏ ਧੜੇ ਦੀ ਕੋਈ ਬਰਾਬਰੀ ਨਹੀਂ ਹੋ ਸਕਦੀ। ਬਾਕੀ ਧੜੇ ਤਾਂ ਮਾਇਆ ਦੇ ਪਸਾਰੇ ਦੇ ਹਨ, ਪਰ ਮੇਰਾ ਵਾਹਿਗੁਰੂ ਜੀ ਨਾਲ ਗੱਠ ਜੋੜ ਲੋਕ ਸੁਖੀਏ ਪ੍ਰਲੋਕ ਸੁਹੇਲੇ ਬਣਾਉਂਦਾ ਹੈ। ਵਾਹਿਗੁਰੂ ਕਰਕੇ ਫੇਰ ਦੂਜੇ ਸਾਰੇ ਧੜਿਆਂ ਦਾ ਨਾਸ਼ ਹੋ ਜਾਂਦਾ ਹੈ। ਮਨੁੱਖ ਧੜੇ ਦੀ ਗੱਲ ਹੈ, ਸਮਾਜ ਸੁਧਾਰ ਅਤੇ ਆਤਮਕ ਗਿਆਨ ਦੀ ਵੀ। ਦੁਈ ਦਵੈਤ ਵੈਰ ਵਿਰੋਧ ਖਤਮ ਹੁੰਦੇ ਹਨ ਇਸ ਨਾਲ। ਗੁਰੂ ਸਾਹਿਬ ਆਖਦੇ ਹਨ ਕਿ ਸਾਡਾ ਧੜਾ ਤਾਂ ਧਰਮ ਨਾਲ ਹੈ, ਜਿਸਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ ਕੀਤੀ ਹੈ। ਧਰਮ ਕੀ ਹੈ? ਪ੍ਰਮਾਤਮਾ ਹੈ, ਵਾਹਿਗੁਰੂ ਨਿਰੰਕਾਰ ਹੈ, ੴ ਹੈ ਜਿਸਨੇ ਬ੍ਰਹਮੰਡ ਸਾਜੇ ਹਨ। "ਇਕੁ ਸਜਣੁ ਸਭਿ ਸਜਣਾ ਇਕ ਵੈਰੀ ਸਭਿ ਵਾਦਿ" ਸਾਰੇ ਸੜੇ ਹੀ ਨਹੀਂ ਬਲਕਿ ਸਾਰੀ ਸ੍ਰਿਸ਼ਟੀ ਜਿੱਤ ਲਈਦੀ ਹੈ। ਇਕ ਵਾਹਿਗੁਰੂ ਨੂੰ ਮਿੱਤਰ ਬਨਾਉਣ ਦੀ ਲੋੜ ਹੈ।

ਉਪ੍ਰੋਕਤ ਵੀਚਾਰ ਦਾ ਇਹ ਭਾਵ ਨਹੀਂ ਕਿ ਅਸੀਂ ਦੁਨੀਆਂ ਤੋਂ ਅਟੰਕ ਹੋ ਜਾਣਾ ਹੈ। ਦੁਨਿਆਵੀ ਰਿਸ਼ਤਿਆਂ ਨੂੰ ਕੁਝ ਨਹੀਂ ਸਮਝਣਾ। ਨਹੀਂ ! ਸੰਸਾਰੀ ਰਿਸ਼ਤਿਆਂ ਪ੍ਰਤੀ ਵੀ ਸਾਰੇ ਫਰਜ਼ ਨਿਭਾਉਣੇ ਹਨ। ਗੁਰਮਤਿ "ਅੰਜਨ ਮਾਹਿ ਨਿਰੰਜਨ ਰਹੀਐ" ਦਾ ਰਾਹ ਦੱਸਦੀ ਹੈ। ਦੁਨੀਆਂ ਵਿਚ ਰਹਿੰਦੇ ਹੋਏ ਸੁਕ੍ਰਿਤ ਕਰਦੇ ਹੋਏ ਆਪਣੇ ਸਮਾਜਕ ਫਰਜ਼ ਨਿਭਾਂਦੇ ਹੋਏ, ਅਸਲੀਅਤ ਨੂੰ ਯਾਦ ਰੱਖਣਾ ਹੈ। ਅਤੇ ਕਿਸੇ ਨਾਲ ਪੱਖਪਾਤ ਨਹੀਂ ਕਰਨਾ :-

**ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥**

ਵਾਹਿਗੁਰੂ ਨਾਲ ਜਦੋਂ ਤੁਹਾਡਾ ਰਿਸ਼ਤਾ (ਧੜਾ) ਜੁੜੇਗਾ, ਸਾਰੀ ਕਾਇਨਾਤ ਨਾਲ ਜੁੜ ਜਾਵੇਗਾ, ਕੋਈ ਵੈਰੀ ਤੇ ਬੇਗਾਨਾ ਨਹੀਂ ਰਹੇਗਾ। ਇਕ ਵਾਹਿਗੁਰੂ ਨੂੰ ਆਪਣਾ ਮਾਤਾ-ਪਿਤਾ, ਮਿਤ੍ਰ-ਸਖਾ-ਬੰਧਪ ਬਣਾਇਆਂ ਸਭ ਜਗ ਤੁਹਾਡਾ ਹੋ ਜਾਵੇਗਾ। ਅਜੇਹੇ ਗੁਰਮੁਖਿ ਪਿਆਰੇ ਵੀ ਸਾਡੇ ਪਿਆਰੇ, ਸੱਜਣ, ਭਾਈ-ਬੰਧੂ ਹਨ, ਜੋ ਗੁਰੂ ਦੇ ਹੁਕਮ ਅਨੁਸਾਰ ਜੀਵਨ ਗੁਜ਼ਾਰਦੇ ਹਨ :-

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥** (ਅੰਗ-601)

# ਮੇਰੇ ਦੁਸ਼ਮਣ

ਹਰ ਇਕ ਮਨੁੱਖ ਦਾ ਸੰਸਾਰੀ ਜੀਵਾਂ ਨਾਲ ਪਿਆਰ ਵੀ ਹੁੰਦਾ ਹੈ ਅਤੇ ਕਈਆਂ ਨਾਲ ਦੁਸ਼ਮਣੀ ਵੀ। ਭਾਵੇਂ ਅਸੀਂ ਆਪਣੇ ਠੀਕ ਵਿਵਹਾਰ ਕਰਕੇ ਸਮਝਦੇ, ਹਾਂ, ਕਹਿ ਦਿੰਦੇ ਹਾਂ ਕਿ ਸਾਡਾ ਕੋਈ ਦੁਸ਼ਮਣ ਨਹੀਂ, ਕਿਸੇ ਨਾਲ ਸਾਨੂੰ ਵੈਰ ਨਹੀਂ। ਫੇਰ ਵੀ ਕਈ ਕਿ ਅਣਪਛਾਤੇ ਵੈਰੀ ਹੁੰਦੇ ਹਨ ਜੋ ਖਾਹਮਖਾਹ ਸਾਡੇ ਨਾਲ ਵੈਰ-ਵਿਰੋਧ ਰੱਖਦੇ ਹਨ, ਭਾਵੇਂ ਸਾਡੇ ਦਿਲ ਵਿੱਚ ਉਨ੍ਹਾਂ ਪ੍ਰਤੀ ਐਸਾ ਕੋਈ ਵਿਚਾਰ ਜਾਂ ਦੁਰਵਿਵਹਾਰ ਨਾ ਵੀ ਹੋਵੇ। ਇਸ ਤੋਂ ਇਲਾਵਾ ਸਾਡੇ ਆਪਣੇ ਅੰਤਸ਼ਕਰਨ ਦੇ ਵਿੱਚ ਸੂਖਸ਼ਮ ਵੈਰੀਆਂ ਨੂੰ ਤਾਂ ਅਸੀਂ ਚਿਤਾਰਦੇ ਹੀ ਨਹੀਂ। ਉਨ੍ਹਾਂ ਵੱਲ ਅਸੀਂ ਨਾ ਹੋਣ ਦੇ ਬਰਾਬਰ ਧਿਆਨ ਦਿੰਦੇ ਹਾਂ।

ਦੁਸ਼ਮਣ ਸ਼ਬਦ ਦੇ ਅਰਥ ਸਮਝਦੇ ਸੌਖੇ ਹਨ। ਸਰਾ ਧਿਆਨ ਦੇਣ ਦੀ ਲੋੜ ਹੈ, ਕੋਈ ਔਖੀ ਗੱਲ ਨਹੀਂ। ਜੋ ਸਾਡੇ ਪ੍ਰਤੀ ਵੈਰ ਵਿਰੋਧ ਰੱਖਦਾ ਹੈ, ਸਾਡੇ ਪ੍ਰਤੀ ਆਪਣੇ ਮਨ ਨੂੰ ਦੂਸ਼ਿਤ ਰੱਖਦਾ ਹੈ, ਜੋ ਕਦੇ ਸਾਡਾ ਭਲਾ ਨਹੀਂ ਸੋਚਦਾ, ਬੁਰਾ ਹੀ ਬੁਰਾ ਲੋਚਦਾ ਹੈ, ਬੁਰਾ ਬੁਰਾ ਹੀ ਬੋਲਦਾ ਹੈ ਅਤੇ ਬੁਰਾ ਹੀ ਬੁਰਾ ਕਰਦਾ ਹੈ, ਕਈ ਕਿਸਮ ਦੇ ਝਗੜਿਆਂ, ਝੰਜਟਾਂ ਵਿੱਚ ਸਾਨੂੰ ਫਸਾਉਣ ਦੀ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ ਹੈ, ਸਾਡਾ ਹੱਕ ਖੋਂਹਦਾ ਹੈ ਅਤੇ ਸਾਡੀ ਬੇਇੱਜ਼ਤੀ ਕਰਦਾ ਹੈ ਆਦਿ ਦੁਸ਼ਮਣ ਦੇ ਗੁਣ ਹਨ।

ਮੇਰੇ ਦੁਸ਼ਮਣ ਦੋ ਤਰ੍ਹਾਂ ਦੇ ਹਨ :-

1. **ਸੰਸਾਰਿਕ** 2. **ਮਾਨਸਿਕ**

ਪਰਮਾਰਥ ਦੇ ਰਸਤੇ ਤੇ ਚੱਲਣ ਵਾਲੇ ਲਈ ਸੰਸਾਰਿਕ ਦੁਸ਼ਮਣ ਕੋਈ ਖਾਸ ਮਹੱਤਤਾ ਨਹੀਂ ਰੱਖਦੇ। ਸਤਿਗੁਰੂ ਦੀ ਓਟ ਵਿੱਚ ਰਹਿੰਦਿਆਂ, ਸੇਵਾ ਸਿਮਰਨ ਵਿੱਚ ਲੱਗਿਆ, ਅਰਦਾਸ ਕਰਨ ਨਾਲ ਦੁਸ਼ਮਣ, ਦੂਤ ਆਪਣੇ ਆਪ ਹੀ ਭੱਜ ਜਾਂਦੇ ਹਨ। ਇਹ ਨਾਂ ਮਾਤਰ ਹੀ ਹੁੰਦੇ ਹਨ। ਦੁਨਿਆਵੀ ਤੌਰ ਤੇ ਸਰਬੱਤ ਦੇ ਭਲੇ ਦੀ ਬਿਰਤੀ ਰੱਖਣ ਦੀ ਕਾਰਨ ਸਨ ਪਿਆਰ ਦਿੰਦੇ ਹਨ ਅਤੇ ਮਿੱਤਰ ਬਣ ਜਾਂਦੇ ਹਨ।

**ਸਾਧ ਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ ॥**

**ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ ਨ ਬੀਗਾ ਪੈਰੁ ॥** (ਸੁਖਮਨੀ ਅਸ਼ਟਪਦੀ 7)

ਮੇਰੇ ਦੂਜੇ ਵੈਰੀ ਮਾਨਸਿਕ ਹਨ। ਇਹ ਮੇਰੇ ਅੰਦਰਲੇ ਅੰਤਸ਼ਕਰਨ ਵਿੱਚ ਵੱਸ ਰਹੇ ਹਨ। ਮਨ ਦੀ ਕੋਠੜੀ ਵਿੱਚ ਇੰਨ੍ਹਾਂ ਦਾ ਵਾਸਾ ਹੈ। ਮਨ ਦਾ ਰੂਪ ਵੀ ਦੋ ਤਰ੍ਹਾਂ ਦਾ ਹੈ, ਇਕ ਸਰੂਪ ਤਾਂ ਇਸਦਾ ਐਸਾ ਹੈ ਜੋ ਆਪਣੇ ਮੂਲ ਦੇ ਗੁਣ ਰੱਖਦਾ ਹੈ। ਇਸ ਰੂਪ ਨੂੰ ਜੋਤ ਸਰੂਪ ਆਖਦੇ ਹਾਂ। ਮਨ ਦਾ ਇਹ ਸੁਭਾਅ ਆਤਮਿਕ ਉੱਨਤੀ ਲਈ ਸਹਾਈ ਹੁੰਦਾ ਹੈ। ਆਪਣੇ ਤੋਂ ਹੀ ਵਿਸ਼ਵਾਸ ਕਰਦਾ ਹੈ ਕਿ ਮੈਂ ਹੀ ਸਭ ਕੁਝ ਹਾਂ। ਸੰਸਾਰਕ ਵਿਸ਼ਿਆਂ ਵਿੱਚ ਗਲਤਾਨ ਰਹਿੰਦਾ ਹੈ।

ਮਨ ਦਾ ਇਹ ਰੂਪ ਮੇਰਾ ਵੈਰੀ ਹੈ, ਦੁਸ਼ਮਣ ਹੈ, ਜੋ ਮੈਨੂੰ ਆਪਣੇ ਅੰਤਸ਼ਕਰਨ ਵਿੱਚ ਝਾਤੀ ਨਹੀਂ ਮਾਰਨ ਦਿੰਦਾ। ਹੋਰ ਤਾਂ ਹੋਰ ਆਪਣੇ ਨਾਲ ਵੱਸਦੇ ਵੈਰੀਆਂ ਦੀ ਗੱਲ ਨਹੀਂ ਸਮਝਣ ਦਿੰਦਾ। ਪ੍ਰਮਾਤਮਾ ਨਾਲ ਮਿਲਣ ਨਹੀਂ ਦਿੰਦਾ। ਇਸਦੇ ਸੁਭਾਅ ਵਿੱਚ ਬਹੁਤ ਸਾਰੇ ਭੁੱਲ-ਭੁਲੇਵੇਂ ਹਨ ਜੋ ਮੈਨੂੰ ਆਪਣੇ ਵਿੱਚ ਹੀ ਉਲਝਾਈ ਰੱਖਦੇ ਹਨ। ਬਾਹਰਲੇ ਮਾਦਾ-ਪਦਾਰਥਾਂ ਤੋਂ ਸ਼ਾਂਤੀ ਲੱਭਦੇ ਹਨ। ਸਦੀਵੀ ਸ਼ਾਂਤੀ ਦੇਣ ਵਾਲੇ ਹਰਿ ਨਾਮ ਦੇ ਅੰਮ੍ਰਿਤ ਰਸ ਤੋਂ ਵਾਂਝੇ ਰੱਖਦੇ ਹਨ। ਹਾਲਾਂਕਿ ਮਨ ਨੂੰ ਪਤਾ ਵੀ ਹੈ ਕਿ ਪਦਾਰਥ ਵਸਤਾਂ ਦੇ ਰਸ-ਰਸ ਅਧੂਰੇ ਹਨ, ਛਿਨ ਮਾਤਰ ਲਈ ਹਨ। ਚਿਰ ਸਥਾਈ ਨਹੀਂ। ਪ੍ਰੰਤੂ ਇਹ ਫੇਰ ਵੀ ਇੰਨ੍ਹਾਂ ਨੂੰ ਬੜੇ ਚਾਅ ਨਾਲ ਭੋਗਦਾ ਹੈ। ਮਸਤ ਹਾਥੀ (ਮੈਗਲ) ਵਾਂਗ ਇੰਨ੍ਹਾਂ ਦੇ ਪਿੱਛੇ ਲੱਗਿਆ ਫਿਰਦਾ ਹੈ। ਦੀਵਾਨਾ ਹੋ ਕੇ ਜਾਣ-ਬੁੱਝ ਕੇ ਅਵਗੁਣ ਕਰਦਾ ਹੈ :

**ਮਨੁ ਮੈਗਲੁ ਸਾਕਤੁ ਦੇਵਾਨਾ ॥**

**ਬਨ ਖੰਡਿ ਮਾਇਆ ਮੋਹਿ ਹੈਰਾਨਾ ॥** (ਆਸਾ 1, ਅੰਗ-415)

**ਯਥਾ**

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**

**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥** (ਅੰਗ-1376)

ਮਨ ਦਾ ਇਹ ਅਹੰਕਾਰ-ਮਈ ਰੂਪ ਹੀ ਜੀਵ ਆਤਮਾ ਅਤੇ ਪ੍ਰਮਾਤਮਾ ਦੇ ਮਿਲਾਪ ਵਿੱਚ ਰੁਕਾਵਟਾਂ ਖੜੀਆਂ ਕਰਦਾ ਹੈ। ਇਹ ਜੋਤ ਸਰੂਪ ਹੁੰਦਾ ਹੋਇਆ, ਟੋਏ ਵਿੱਚ ਡਿੱਗਦਾ ਹੈ। ਇਸ ਕਰਕੇ ਮਨ ਦਾ ਇਹ ਰੂਪ ਸਾਡਾ ਸਭ ਤੋਂ ਵੱਡਾ ਦੁਸ਼ਮਣ ਹੈ ਜੋ ਸਾਨੂੰ ਆਪਣੇ

ਅੰਦਰ ਵਸਦੇ ਆਪੇ ਤੋਂ ਆਪਣੇ ਮੂਲ ਤੋਂ, ਆਪ ਨਿੱਜ ਘਰ ਤੋਂ ਦੂਰ ਰੱਖਦਾ ਹੈ। ਸਾਡਾ ਹੱਕ ਸਾਨੂੰ ਪ੍ਰਾਪਤ ਨਹੀਂ ਹੋਣ ਦਿੰਦਾ। ਇਹ ਦੁਸ਼ਮਣ ਨਾ ਹੋਈਆ ਤਾਂ ਹੋਰ ਕੀ?

ਸੰਸਾਰ ਦੀਆਂ ਸਾਰੀਆਂ ਵਸਤਾਂ ਸਾਡੇ ਮਨ ਨੂੰ ਮਿੱਠੀਆਂ ਲੱਗਦੀਆਂ ਹਨ। ਬੜੇ ਖੁਸ਼ ਹੋ ਕੇ ਸਾਰਾ ਸੰਸਾਰ ਇਨ੍ਹਾਂ ਨੂੰ ਭੋਗ ਰਿਹਾ ਹੈ। ਪਰ ਹੈ ਇਹ ਮਿੱਠਾ ਮਹੁਰਾ। ਮਿੱਠਾ ਮੰਨ ਕੇ ਅਸੀ ਖਾਂਦੇ ਜ਼ਰੂਰ ਹਾਂ, ਪਰ ਅੰਤ ਨੂੰ ਨਤੀਜਾ ਕੌੜਾ ਹੀ ਨਿਕਲਦਾ ਹੈ।

ਮਨੁੱਖਾ ਜਨਮ ਫਜ਼ੂਲ (ਬੇ-ਅਰਥ) ਗਵਾ ਕੇ ਖਾਲੀ ਹੱਥ, ਪੱਲਾ ਝਾੜ ਕੇ ਤੁਰਦੇ ਬਣਦੇ ਹਾਂ। ਬੇਅੰਤ ਸੁਆਦੀ ਪਦਾਰਥ ਦਾਤੇ ਨੇ ਸਾਡੇ ਲਈ ਪੈਦਾ ਕੀਤੇ ਹਨ ਅਸੀਂ ਖਾਂਦੇ ਹਾਂ। ਹਰ ਰੋਜ਼ ਰਸਨਾ ਨਵੇਂ ਨਵੇਂ ਸੁਆਦ ਚਖਦੀ ਹੈ। ਸੁਆਦ ਤਾਂ ਚਖਦੇ ਹਾਂ ਪਰ ਉਸ ਕਰਤਾ ਪੁਰਖ ਨੂੰ ਜਿਸਨੇ ਇਹ ਸਾਡੇ ਲਈ ਪੈਦਾ ਕੀਤੇ ਹਨ, ਭੁੱਲ ਜਾਂਦੇ ਹਾਂ। ਤ੍ਰਿਪਤ ਵੀ ਨਹੀਂ ਹੁੰਦੇ । ਜੀਭ ਦੀ ਤ੍ਰਿਸ਼ਨਾ ਨਹੀਂ ਬੁੱਝਦੀ ।

**ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥**

**ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨਰਸ ਸਾਦ ਬਿਸਾਰੇ ॥** (ਮ: 4, ਅੰਗ-98●)

ਇਹ ਸੁਆਦ ਜਿੰਨੇ ਵੀ ਰਸਨਾ ਚਖਦੀ ਹੈ, ਇੰਨ੍ਹਾਂ ਦੀ ਲਾਲਸਾ ਵਿੱਚ ਲੱਗੀ ਰਹਿੰਦੀ ਹੈ। ਹੈਨ ਇਹ ਸਾਰੇ ਸਵਾਦ ਫਿੱਕੇ, ਪਰ ਅਸੀਂ ਚਖੀ ਜਾਂਦੇ ਹਾਂ। ਇਹੋ ਹੀ ਸਮਝਦੇ ਹਾਂ ਕਿ ਇੰਨ੍ਹਾਂ ਤੋਂ ਵੱਡਾ ਸਵਾਦ ਕੋਈ ਨਹੀਂ ਹੈ। ਸੱਚੀ ਗੱਲ ਤਾਂ ਇਹ ਹੈ ਕਿ ਰਾਮ ਦੇ ਨਾਮ ਦਾ ਸੁਆਦ ਜੋ ਗੁਰਮੁੱਖ ਚਖਦਾ ਹੈ, ਉਸ ਨਾਲ ਹੋਰ ਇਹ ਸਾਰੇ ਸਵਾਦ ਬਿਸਰ ਜਾਂਦੇ ਹਨ। ਪਦਾਰਥਕ ਸੁਆਦ ਉਸਨੂੰ ਚੰਗੇ ਨਹੀਂ ਲੱਗਦੇ। ਬੇਸੁਆਦ ਬਣ ਜਾਂਦੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਪਦਾਰਥਾਂ ਦੇ ਰਸ, ਤ੍ਰਿਸ਼ਨਾ ਨੂੰ ਨਹੀਂ ਬੁਝਾਉਂਦੇ, ਸਗੋਂ ਤ੍ਰਿਸ਼ਨਾ ਹੋਰ ਵੱਧਦੀ ਹੈ। ਹਰਿ ਰਸ ਨੂੰ ਪੀ ਕੇ ਮਨੁੱਖ ਹਮੇਸ਼ਾ ਬਿਸਮਾਦ ਵਿੱਚ ਰਹਿੰਦਾ ਹੈ। ਸਰੂਰ ਚੜ੍ਹਿਆ ਰਹਿੰਦਾ ਹੈ, ਮਨੁੱਖੀ ਮਨ ਤ੍ਰਿਪਤ ਹੋ ਕੇ ਸ਼ਾਂਤ ਹੋ ਜਾਂਦਾ ਹੈ।

**ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥**

**ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥**

**ਅੰਮ੍ਰਿਤ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥**

ਸਾਰੇ ਰਸ ਮਿੱਠੇ ਹਨ, ਸਲੂਣੇ ਹਨ। ਖੱਟੇ ਮਿੱਠੇ ਵੀ ਸੁਆਦੀ ਹਨ। ਛੱਤੀ ਪ੍ਰਕਾਰ ਦੇ ਭੋਜਨ ਵੀ ਗਿਣੇ ਜਾਂਦੇ ਹਨ, ਜਿੰਨਾ ਦਾ ਸੁਆਦ ਇਕ ਤੋਂ ਇਕ ਵੱਧ ਕੇ ਹੈ। ਅਸਲ ਵਿੱਚ ਇਕ ਪਰਮ-ਸ਼੍ਰੇਸ਼ਟ ਸੁਆਦ ਹੈ ਜੋ ਸਾਨੂੰ ਕੇਵਲ ਨਾਮ ਤੋਂ ਪ੍ਰਾਪਤ ਹੁੰਦਾ ਹੈ। ਜੇਕਰ ਪਦਾਰਥਕ ਰਸ, ਉਸ ਨਾਮ ਰਸ ਨੂੰ ਭੁਲਾ ਦੇਣ ਤਾਂ ਖਾਣਾ ਪੀਣਾ ਧਿੱਕਾਰ ਹੈ। ਨਸ਼ੇ, ਉਸ ਨਾਮ ਰਸ ਨੂੰ ਭੁਲਾ ਦੇਣ ਤਾਂ ਖਾਣਾ ਪੀਣਾ ਧਿੱਕਾਰ ਹੈ। ਨਸ਼ੇ, ਈਰਖਾ, ਝਗੜਿਆਂ ਤੇ ਧਨ ਵਿੱਚ ਮਦਹੋਸ਼ ਹੋਏ ਲੋਕੀਂ ਆਪਣਾ ਹੀਰੇ ਵਰਗਾ ਅਮੋਲਕ ਜਨਮ ਗਵਾ ਲੈਂਦੇ ਹਨ। ਉਪਰੋਕਤ ਸਾਰੀਆਂ ਚੀਜ਼ਾਂ ਸਾਡੀਆਂ ਦੁਸ਼ਮਣ ਹੋ ਨਿਬੜੀਦੀਆਂ ਹਨ :-

**ਸੁਆਦ ਬਾਦ ਈਰਖ ਮਦ ਮਾਇਆ ॥**

**ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥** (ਸੂਹੀ - 5, ਅੰਗ-741)

ਸਾਰੀ ਦੁਨੀਆ ਦੇ ਸੁਆਦ ਤੁਹਾਡੇ ਪਾਸ ਇਕੱਠੇ ਹੋ ਜਾਣ। ਦੁੱਧ, ਘਿਉ, ਸ਼ਕਰ, ਸੋਨਾ, ਚਾਂਦੀ ਨਾਲ ਤੁਸੀਂ ਮਾਲਾ ਮਾਲ ਹੋ ਜਾਵੋ। ਜੇਕਰ ਤੁਸੀਂ ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਨਹੀਂ ਜੁੜਦੇ, ਸਭ ਬੇ-ਅਰਥ ਹਨ, ਇਹ ਸਾਡੇ ਨਾਲ ਦੁਸ਼ਮਣਾ ਵਾਲਾ ਸਲੂਕ ਕਰਦੇ ਹਨ। ਇੰਨ੍ਹਾਂ ਨੂੰ ਦੁਸ਼ਮਣ ਨਹੀਂ ਬਲਕਿ ਨਿਰਬਾਹ ਮਾਤਰ ਦੋਸਤ ਬਣਾ ਕੇ ਪ੍ਰਮਾਤਮਾ ਦੀ ਭਗਤੀ ਕਰਨੀ ਹੈ:-

**ਨਦੀਆ ਹੋਵਹਿ ਧੇਵਣਾ ਸੁੰਮ ਹੋਵਹਿ ਦੁਧੁ ਘੀਉ ॥**

**ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ ॥**

**ਪਰਬਤੁ ਸੁਇਨਾ ਸਕਰ ਹੋਵੈ ਹੀਰੇ ਲਾਲ ਜੜਾਉ ॥**

**ਭੀ ਤੂੰ ਹੈ ਸਾਲਾਹਣ ਆਖਣ ਲਹੈ ਨ ਚਾਉ ॥** (ਮ: 1, ਅੰਗ-141)

ਭਾਵੇਂ ਦੁੱਧ ਘਿਉ ਦੀਆਂ ਨਦੀਆਂ ਹੋਣ, ਬੇਅੰਤ ਮਿਠਾਈ ਹੋਵੇ, ਪਹਾੜ ਜਿੰਨਾ ਸੋਨਾ-ਚਾਂਦੀ ਹੋਵੇ ਫੇਰ ਵੀ ਵਾਹਿਗੁਰੂ ਦੀ ਵਡਿਆਈ ਨੂੰ ਨਹੀਂ ਪੁੱਜ ਸਕਦੇ। ਧਿਆਨ ਰੱਖਣ ਵਾਲੀ ਗੱਲ ਹੈ ਕਿ ਇਹ ਛੱਤੀ ਪ੍ਰਕਾਰ ਦੇ ਭੋਜਨ ਦੂਜਾ ਭਾਉ ਹਨ, ਦੂਜਾ ਮੋਹ ਪਿਆਰ ਹੈ। ਸੰਜਮ ਤੋਂ ਬਾਹਰਾ ਇੰਨ੍ਹਾਂ ਦਾ ਸੇਵਨ ਕਰਨਾ ਦੁਖਦਾਈ ਹੈ :-

**ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥**

**ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥**

**ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥**

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**

**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥** (ਮ: 1, ਅੰਗ-16)

ਇਹ ਸੁਆਦ, ਇਹ ਰਸ ਸਾਡੇ ਕਿਉਂ ਵੈਰੀ ਹਨ? ਮਿੱਠੇ ਹਨ, ਅਨੰਦਦਾਇਕ ਹਨ, ਰਸ ਤੇ ਖੁਸ਼ੀ ਪ੍ਰਦਾਨ ਕਰਦੇ ਹਨ। ਫੇਰ ਵੀ ਬੁਰੇ ਕਿਉਂ ਹਨ? ਉਹ ਇਸ ਲਈ ਕਿ ਜੋ ਰਸ ਸਾਨੂੰ ਮਤਵਾਲਾ ਬਣਾਉਣ ਵਾਲਾ ਹੈ, ਅੰਮ੍ਰਿਤ ਰਸ ਹੈ, ਛੱਤੀ ਪ੍ਰਕਾਰ ਦੇ ਸੁਆਦਾਂ ਤੋਂ ਉੱਤਮ ਹੈ ਅਤੇ ਆਪਣੇ ਆਪ ਨੂੰ ਪ੍ਰਭੂਪ੍ਰੇਮ ਵਿੱਚ ਰੱਤ ਕੇ ਜੋ ਸਾਨੂੰ ਅਨਾਹਦ ਦੀ ਧੁਨੀ ਵਿੱਚ ਲੀਨ ਕਰਨ ਵਾਲਾ ਹੈ, ਉਸ ਰਸ ਤੋਂ ਸਾਨੂੰ ਇਹ ਦੂਰ ਰੱਖਦੇ ਹਨ, ਛੂਛੇ ਹਨ, ਉਸ ਦੇ ਮੁਕਾਬਲੇ 'ਚ ਕੁਝ ਵੀ ਨਹੀਂ ਹਨ। ਅੰਮ੍ਰਿਤਮਈ ਬਾਣੀ ਨੂੰ ਪੀ ਕੇ ਹੀ ਪਰਵਾਣ ਚੜ੍ਹੀਦਾ ਹੈ। ਪ੍ਰਭੂ ਦੇ ਦਰਸ਼ਾਂ ਅਤੇ ਮਿਲਾਪ ਦਾ ਇੱਛਕ ਹੋਣਾ ਹੀ ਉੱਤਮ ਹੈ, ਇਸਦੇ ਮੁਕਾਬਲੇ 'ਚ ਸਵਰਗ ਦੀ ਵੀ ਕੋਈ ਕੀਮਤ ਨਹੀਂ :-

**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥**

**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥ਰਹਾਉ ॥**

**ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥**

**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥**

**ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥**

**ਦਰ ਦਰਸਨ ਦਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥** (ਅੰਗ-360)

ਰੰਗ-ਤਮਾਸ਼ੇ, ਨਾਟਕ-ਚੇਟਕ, ਸਿਨੇਮਾ-ਪਿਕਚਰ, ਗਾਉਣਾ- ਵਜਾਉਣਾ, ਰੇਡਿਉ-ਟੈਲੀਵੀਜ਼ਨ ਆਦਿ ਸਭ ਨਰਕ ਦੇਣ ਵਾਲੇ ਹਨ। ਕਿਉਂ ਜੁ ਆਪਣੀ ਲਗਨ ਵਿੱਚ ਹੀ ਲਗਾ ਰੱਖਦੇ ਹਨ। ਨਿਰਾਰਥਕ ਵਸਤਾਂ ਸਾਡੇ ਸਾਹਮਣੇ ਪੇਸ਼ ਕਰਦੇ ਹਨ। ਸਿਮਰਨ ਵਿੱਚ ਧਿਆਨ ਲਗਾਉਣ ਵਿੱਚ ਰੁਕਾਵਟ ਪੈਦਾ ਕਰਦੇ ਹਨ। ਮਨ ਨੂੰ ਅੰਤਰਮੁੱਖੀ ਦੀ ਥਾਂ ਬਾਹਰ ਮੁੱਖੀ ਹੋਣ ਲਈ ਪ੍ਰੇਰਦੇ ਹਨ। ਕੇਵਲ ਬਾਹਰਲਾ ਕੰਨ ਰਸ ਤੇ ਦ੍ਰਿਸ਼ਟੀ ਰਸ ਪ੍ਰਦਾਨ ਕਰਦੇ ਹਨ :-

**ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥**

**ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥** (ਅੰਗ-707)

ਜਦੋਂ ਤਕ ਅਸੀਂ ਸਰੀਰ ਦੇ ਭੋਗਣ ਲਈ, ਸਾਰੇ ਰਸ ਉਪਲਬਧ ਕਰਨ ਵਿੱਚ ਰੁਝੇ ਰਹਿੰਦੇ ਹਾਂ ਅਤੇ ਇੰਨਾਂ ਨੂੰ ਭੋਗਣ ਵਿੱਚ ਹੀ ਸਮਾਂ ਨਸ਼ਟ ਕਰਦੇ ਹਾਂ, ਉਦੋਂ ਤਕ ਸਾਡੇ ਸਰੀਰ ਵਿੱਚ ਨਾਮ ਦਾ ਨਿਵਾਸ ਹੋਣਾ ਅਸੰਭਵ ਹੈ। ਉਸ ਮਨ ਵਿੱਚ ਨਾਮ ਨਹੀਂ ਟਿਕਦਾ। ਨਾਮ ਕਿਵੇਂ ਟਿਕੇ ਜਦੋਂ ਕਿ ਮਨ ਤਾਂ ਸੋਨਾ-ਚਾਂਦੀ, ਇਸਤਰੀ, ਸੁੰਗਧੀਆਂ, ਘੋੜੇ, ਉੱਚੇ ਮਹਿਲ, ਖੱਟੇ ਮਿੱਠੇ ਭੋਜਨ ਅਤੇ ਸ਼ਰਾਬ ਮਾਸ ਆਦ ਦੇ ਭੋਗਣ ਵਿੱਚ ਰੁਝਿਆ ਹੋਇਆ ਹੈ :-

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥**

**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥**

**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥** (ਮਹਲਾ: 1, ਅੰਗ-15)

ਸੰਸਾਰ ਦੀ ਰਚਨਾ ਤਿੰਨਾਂ ਗੁਣਾ ਵਿੱਚ ਹੋਈ ਆਖੀ ਜਾਂਦੀ ਹੈ। ਇਹ ਗੁਣ ਹਨ: ਰਜੋ, ਤਮੋ ਅਤੇ ਸਤੋ। ਰਜੋ ਗੁਣ ਉਹ ਹਨ ਜੋ ਮਨੁੱਖ ਵਿੱਚ ਮੋਹ ਮਾਇਆ ਤੇ ਹੰਕਾਰ ਦਾ ਕਾਰਨ ਬਣਦੇ ਹਨ। ਤਮੋ ਗੁਣ ਉਹ ਹਨ ਜੋ ਮਨੁੱਖ ਨੂੰ ਅਗਿਆਨ, ਕਰੋਧ, ਲਾਲਚ ਅਤੇ ਅੰਧਕਾਰ ਵਿੱਚ ਧਕੇਲਦੇ ਹਨ ਅਤੇ ਸਤੋ ਗੁਣ ਉਹ ਹਨ ਜੋ ਮਨੁੱਖ ਵਿੱਚ ਸ਼ਾਂਤੀ, ਦਯਾ, ਦਾਨ, ਖਿਮਾਂ, ਪ੍ਰਸੰਨਤਾ ਪ੍ਰਦਾਨ ਕਰਦੇ ਹਨ। ਜਦੋਂ ਮਨੁੱਖ ਇੰਨਾਂ ਤਿੰਨਾਂ ਗੁਣਾ ਵਿੱਚ ਵਿਚਰਦਾ ਹੈ ਉਸਦਾ ਪ੍ਰਭੂਮਿਲਣ ਦਾ ਕਾਰਜ ਪੂਰਾ ਨਹੀਂ ਹੁੰਦਾ। ਕਿਉਂ ਜੁ ਇੰਨਾਂ ਤਿੰਨਾਂ ਵਿੱਚ ਬੰਧਿਆ ਰਹਿੰਦਾ ਹੈ ਅਤੇ ਇਹ ਪਕੜ ਮਨ ਵਿੱਚ ਇੰਨੀ ਪੱਕੀ ਹੁੰਦੀ ਹੈ ਕਿ ਜੀਵ ਦਾ ਸਾਰਾ ਤਾਣ ਇਸੇ 'ਚ ਲੱਗਿਆ ਰਹਿੰਦਾ ਹੈ ਅਤੇ ਮਨ ਵਿੱਚ

ਪ੍ਰਭੂਵਾਸੇ ਦੀ ਗੱਲ ਦੂਰ ਦੀ ਗੱਲ ਰਹਿੰਦੀ ਹੈ। ਪਰ ਜਿਸ ਮਨ ਵਿੱਚ ਨਾਮ ਦਾ ਵਾਸਾ ਹੋ ਜਾਵੇ, ਇਹਨਾਂ ਗੁਣਾ ਤੋਂ ਛੁਟਕਾਰਾ ਮਿਲ ਜਾਂਦਾ ਹੈ।

**ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥**

**ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥** (ਅੰਗ-299)

ਗੁਰਬਾਣੀ ਦਾ ਫੁਰਮਾਣ ਹੈ, ਤਿੰਨੇ ਦੇਵਤੇ (ਸ਼ਕਤੀਆਂ) ਬ੍ਰਹਮਾ ਜੀ, ਵਿਸ਼ਨੂੰ ਜੀ ਅਤੇ ਸ਼ਿਵ ਜੀ ਵੀ ਇੰਨ੍ਹਾਂ ਗੁਣਾ ਤੋਂ ਨਹੀਂ ਬਚ ਸਕੇ ਅਤੇ ਪ੍ਰਭੂ ਦਾ ਅੰਤ ਨਾ ਪਾ ਸਕੇ :-

**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥**

**ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥** (ਮਹਲਾ 4, ਅੰਗ-734)

ਇੰਨ੍ਹਾਂ ਗੁਣਾਂ ਨੂੰ ਰੋਗ ਆਖਿਆ ਗਿਆ ਹੈ। ਰੋਗ ਵੀ ਸਾਡਾ ਦੁਸ਼ਮਣ ਹੀ ਹੁੰਦਾ ਹੈ। ਮਨ ਵਿੱਚ ਖੁਸ਼ੀ ਨਹੀਂ ਵੱਸਣ ਦਿੰਦਾ। ਕੋਈ ਕੰਮ ਕਾਰ ਨਹੀਂ ਕਰਨ ਦਿੰਦਾ। ਮਨੁੱਖ ਨੂੰ ਨਿਸੱਲ, ਨਿਢਾਲ, ਬਲਹੀਣ ਬਣਾ ਦਿੰਦਾ ਹੈ। ਮਾਨਸਿਕ ਤੌਰ ਤੇ ਵੀ ਮਨੁੱਖ ਕਮਜ਼ੋਰ ਹੋ ਜਾਂਦਾ ਹੈ। ਜੋ ਗੁਰਮੁੱਖ ਹੋ ਜਾਂਦਾ ਹੈ, ਉਹ ਵਾਹਿਗੁਰੂ ਦੀ ਸੋਝੀ ਪਾ ਲੈਂਦਾ ਹੈ। ਬਾਕੀ ਸਾਰਿਆ ਤੇ ਇਹ ਤ੍ਰੈ ਗੁਣ ਹਮਲਾ ਕਰਦੇ ਰਹਿੰਦੇ ਹਨ।

ਆਮ ਤੌਰ ਤੇ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਪ੍ਰਭੂ ਮਿਲਾਪ 'ਚ ਰੁਕਾਵਟ ਪਾਉਣ ਵਾਲੀਆਂ ਰੁਚੀਆਂ ਅਸੀਂ ਚਿਤਾਰਦੇ ਹਾਂ। ਇਹ ਇਕ ਕਹਾਵਤ ਹੀ ਬਣ ਗਈ ਹੈ, ਪੰਜਾਂ ਚੋਰਾਂ ਦੀ, ਪਰ ਇਹਨਾਂ ਤੇ ਵਿਚਾਰ ਨਹੀਂ ਕਰਦੇ। ਇੰਨ੍ਹਾਂ ਪੰਜਾਂ ਤੱਤਾਂ ਦੇ ਹੋਰ ਬਹੁਤ ਸਾਰੇ ਅੰਗ ਹਨ ਜੋ ਸਾਡੇ ਨਿੱਤ ਦੇ ਜੀਵਨ ਵਿਚ ਹਮੇਸ਼ਾ ਹੀ ਅਮਲ ਵਿੱਚ ਆਉਂਦੇ ਹਨ। ਇਹ ਪੰਜ ਤਾਂ ਹੈ ਹੀ ਮਹਾਂਬਲੀ, ਵੱਡੇ ਪਹਿਲਵਾਨ ਜਿਹੜੇ ਕਿਸੇ ਤੋਂ ਢਾਹੇ ਨਹੀਂ ਜਾਂਦੇ। ਜਿੰਨ੍ਹਾਂ ਦੀ ਕਿਸੇ ਤੋਂ ਪਿੱਠ ਨਹੀਂ ਲਗਾਈ ਜਾ ਸਕਦੀ। ਇੰਨ੍ਹਾ ਪੰਜਾਂ ਦੀ ਮਾਰੀ ਦੁਨੀਆਂ ਦੁੱਖਾਂ ਵਿੱਚ ਪਿਸ ਰਹੀ ਹੈ। ਇਹ ਮਨੁੱਖ ਨੂੰ ਬੜਾ ਸਤਾਉਂਦੇ ਹਨ :-

**ਪੰਜ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥**

**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥** (ਮਹਲਾ 5, ਅੰਗ-206)

ਪੰਚਮ ਪਾਤਸ਼ਾਹ ਆਖਦੇ ਹਨ ਕਿ ਮੈਂ ਗਰੀਬ ਜਿਹਾ ਇਕ ਬੰਦਾ ਹਾਂ ਤੇ ਉਹ ਝਗੜਾ ਕਰਨ ਵਾਲੇ ਮੇਰੇ ਨਾਲ ਪੰਜ ਹਨ। ਪ੍ਰਭੂ ਜੀ ! ਮੇਰੀ ਬਹੁੜੀ ਕਰੋ ਇਨ੍ਹਾਂ ਤੋਂ ਮੈਨੂੰ ਛਡਵਾਉ । ਇਹ ਮੈਨੂੰ ਬੜੇ ਹੀ ਤੰਗ ਕਰਦੇ ਹਨ। ਦੁਖੀ ਕਰਦੇ ਹਨ। ਮੈਂ ਤੁਹਾਡੀ ਸ਼ਰਨ ਆਇਆ ਹਾਂ। ਮੇਰਾ ਸਰੀਰ ਇਕ ਹੈ, ਪਰ ਇਸ ਵਿਚ ਪੰਜ ਚੌਧਰੀ ਬਣੇ ਬੈਠੇ ਹਨ। ਜ਼ਮੀਨ ਤਾਂ ਮੈਂ ਕਿਸੇ ਦੀ ਵੀ ਨਹੀਂ ਬੋਈ, ਇਹ ਮੈਥੋਂ ਖਾਹ-ਮਖਾਹ ਮਾਲੀਆ ਮੰਗਦੇ ਹਨ, ਹਿੱਸਾ ਮੰਗਦੇ ਹਨ। ਪਟਵਾਰੀ ਵਾਂਗੂੰ ਇਹ ਮੈਨੂੰ ਨਿੱਤ ਡੱਸਦੇ ਰਹਿੰਦੇ ਹਨ। ਇਸ ਤਰ੍ਹਾਂ ਦੀ ਅਰਦਾਸ ਕਰਨ ਨਾਲ ਤਦ ਜਾ ਕੇ ਮਿਹਰ ਹੋਈ ਮੇਰੇ ਉਤੇ ਅਤੇ ਮੈਂ ਲੰਬੀ ਬਾਂਹ ਕਰਕੇ ਸਤਿਗੁਰੂ ਕੋਲ ਪੁਕਾਰ ਕੀਤੀ ਉਸਨੇ ਮੈਨੂੰ ਛੁਡਾ ਲਿਆ ਇਨ੍ਹਾਂ ਦੀਆਂ ਬੇ-ਰਹਿਮੀਆਂ ਕੋਲੋਂ :-

**ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥**

**ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥**

**ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥**

**ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥** (ਕਬੀਰ ਅੰਗ- 793)

ਮਹਾਰਾਜ ਹੋਰ ਉਦਾਹਰਣ ਦਿੰਦੇ ਹਨ ਕਿ ਹਿਰਨ ਨੂੰ ਕੰਨ-ਰਸ ਦਾ, ਮੱਛੀ ਨੂੰ ਰਸਨਾ ਸੁਆਦ, ਭ੍ਰਿੰਗ (ਭੌਰੇ ਨੂੰ) ਵਾਸ਼ਨਾ (ਸੁਗੰਧੀ) ਦੀ ਖਿੱਚ, ਪਤੰਗੇ ਨੂੰ ਦ੍ਰਿਸ਼ਟ ਰੋਗ (ਰੋਸ਼ਨੀ) ਦਾ ਅਤੇ ਕੁੰਚਰ (ਹਾਥੀ) ਨੂੰ ਕਾਮ ਇੰਦ੍ਰੀ ਦਾ, ਇਨ੍ਹਾਂ ਸਭ ਨੂੰ ਇਕ ਇਕ ਰੋਗ ਹੈ ਤੇ ਉਸਦੇ ਕਾਰਣ ਹੀ ਉਨ੍ਹਾਂ ਦਾ ਜੀਵਨ ਬਰਬਾਦ ਹੋ ਜਾਂਦਾ ਹੈ। ਜਿਥੇ ਮਨੁੱਖ ਨੂੰ ਇਕੱਠੇ ਪੰਜ ਰੋਗ ਲੱਗੇ ਹੋਣ ਉਸ ਦਾ ਕੀ ਹਾਲ ਹੋਵੇਗਾ?

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**

**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥** (ਅੰਗ-496)

ਇਨ੍ਹਾਂ ਨੂੰ ਠੱਲ ਕਿਵੇਂ ਪਾਈ ਜਾਵੇ? ਸਤਿਗੁਰੂਵਾਲੇ ਬਣ ਕੇ ! ਤਾਂ ਸਤਿਗੁਰੂਜੀ ਆਪ ਆ ਕੇ ਵਿਚ ਖਲੋ ਜਾਂਦੇ ਹਨ ਅਤੇ ਸਾਡੇ ਇਨ੍ਹਾਂ ਰੋਗਾਂ ਦਾ ਨਾਸ਼ ਕਰ ਦਿੰਦੇ ਹਨ, ਇਨ੍ਹਾਂ ਦੋਂ ਛੁਟਕਾਰਾ ਪੁਆ ਦਿੰਦੇ ਹਨ, ਨਾਮ ਦਾ ਲੜ ਫੜਾ ਕੇ :-

**ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥**

**ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥**

**ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥**

**ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥**

**ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥** (ਅੰਗ-1193)

ਯਥਾ

**ਵਾਤ ਵਜਨ ਟੰਮਕ ਭੇਰੀਆ ॥ਮਲ ਲਥੇ ਲੈਦੇ ਫੇਰੀਆ ॥**

**ਨਿਹੜੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥** (ਅੰਗ-74)

ਗੁਰੂਨੇ ਮੈਨੂੰ ਮੇਰੀ ਪਿੱਠ ਤੇ ਥਾਪੀ ਦਿੱਤੀ ਤਾਂ ਇਨ੍ਹਾਂ ਪੰਜ ਜੁਆਨਾਂ ਨੂੰ ਮੈਂ ਕਾਬੂਕਰ ਲਿਆ। ਫੇਰ ਕੀ ਹੋਇਆ, ਖੁਸ਼ੀਆਂ ਦੇ ਵਾਜੇ ਵੱਜ ਪਏ ਅਤੇ ਅਨੰਦ ਖੇੜੇ ਵਿਚ ਜੀਵਨ ਬਤੀਤ ਕਰਨ ਲੱਗਾ। ਦਿਨ ਰਾਤ ਵਾਹਿਗੁਰੂਦੇ ਨਾਮ ਵਿਚ ਲੀਨ ਹੋ ਕੇ ਮੌਤ ਦੇ ਚੱਕਰ ਦਾ ਭੈ ਖਤਮ ਹੋ ਗਿਆ ਅਤੇ ਜਿਥੋਂ ਮੇਰਾ ਜਨਮ ਹੋਇਆ ਸੀ ਮੈਂ ਉਸ ਵਿਚ ਲੀਨ ਹੋ ਕੇ ਉਸ ਵਿਚ ਹੀ ਜਾ ਸਮਾਇਆ। ਇਹਨਾਂ ਪੰਜਾਂ ਵਿੱਚ ਸਭ ਤੋਂ ਵੱਧ ਜਬਰਦਸਤ ਗਲਬਾ ਪਾਉਣ ਵਾਲਾ ਮਾਰੂਤੱਤ ਹਉਮੈ ਦਾ ਹੈ।

**ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥**

**ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥**

**ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥** (ਅੰਗ-513)

ਹਉਮੈ, ਮਮਤਾ ਮਨਮੁੱਖਾਂ ਨੂੰ ਖਾਂਦੀ ਹੈ ਪਰ ਗੁਰਮੁੱਖ ਇਸਦੇ ਹਮਲੇ ਨੂੰ ਸ਼ਬਦ ਨਾਲ ਜਲਾ ਦਿੰਦੇ ਹਨ। ਇਹ ਐਡੀ ਚਲਾਕ ਹੈ ਕਿ ਬਿਨਾ ਦੰਦਾਂ ਤੋਂ ਹੀ ਸਾਨੂੰ ਨਿਘਾਰ ਜਾਂਦੀ ਹੈ, ਡਰਾਕ ਜਾਂਦੀ ਹੈ।

**ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥**

**ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥** (ਸੋਰਠਿ 3, ਅੰਗ-643)

ਅਤੇ ਡੰਗ ਵੀ ਐਸੇ ਮਾਰਦੀ ਹੈ ਕਿ ਸਾਰਾ ਸੰਸਾਰ ਹੀ ਇਸਦੇ ਇਸ਼ ਦੇ ਘੇਰੇ ਵਿੱਚ ਆਇਆ ਹੋਇਆ ਹੈ। ਇਸ ਵਿਸ਼ ਦਾ ਇਲਾਜ ਹੋਰ ਕਿਸੇ ਕੋਲ ਨਹੀਂ, ਕੇਵਲ, ਸ਼ਬਦ (ਹਰਿ ਨਾਮ) ਹੀ ਇਸਦੀ ਵਿਹੁ ਨੂੰ ਕੱਟ ਸਕਦਾ ਹੈ। ਮਾਇਆ ਰੂਪੀ ਸਰਪ ਬਹੁਤ ਹੀ ਵਿਸ਼ੈਲਾ ਹੈ। ਫਨੀਅਰ ਹੈ :-

**ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥**

**ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥** (ਅੰਗ- 1415)

ਹਉਮੈ ਐਸੀ ਹੈ ਕਿ ਪਤੀ -ਪਤਨੀ (ਜੀਵ ਆਤਮਾ ਤੇ ਪ੍ਰਮਾਤਮਾ) ਦਾ ਮਿਲਾਪ ਨਹੀਂ ਹੋਣ ਦਿੰਦੀ, ਮੀਆਂ ਬੀਵੀ ਇਕੋ ਹੀ ਥਾਂ ਵਸਦੇ ਹਨ ਪਰ ਵਿਚਕਾਰ ਹਉਂ ਦੀ ਕੰਧ ਐਸੀ ਖੜੀ ਹੈ ਕਿ ਆਪਸ ਵਿੱਚ ਦੋਹਾਂ ਨੂੰ ਮਿਲਣ ਨਹੀਂ ਦਿੰਦੀ। ਆਪਸ ਵਿੱਚ ਨਾ ਮਿਲ ਸਕਦੇ ਹਨ ਤੇ ਨਾ ਹੀ ਕੋਈ ਗੱਲਬਾਤ ਕਰ ਸਕਦੇ ਹਨ। ਜੀਵਾਤਮਾ ਪ੍ਰਮਾਤਮਾ ਦੇ ਨੇੜੇ ਹੀ ਵਸਦੀ ਹੈ, ਦੂਰ ਨਹੀਂ ਬਿਲਕੁਲ ਨੇੜੇ। ਭੰਭੀਰੀ (ਪਤੰਗਾ) ਦਾ ਪੰਖ ਹੁੰਦਾ ਹੈ ਨਾ ! ਉਹ ਕਿੰਨਾ ਕੁ ਮੋਟਾ ਹੁੰਦਾ ਹੈ? ਬੜੀ ਪਤਲੀ ਤਹਿ, ਪਤੰਗੇ ਦਾ ਆਪਣਾ ਅਕਾਰ ਕਿੰਨਾ ਕੁ ਅਤੇ ਉਸਦੇ ਖੰਭ ਕਿੰਨੀ ਕੁ ਮੁਟਾਈ ਦੇ ! ਬਸ ਐਨਾ ਕੁ ਫਾਸਲਾ ਹੈ ਸਾਡੇ ਅਤੇ ਸਾਡੇ ਮਾਲਕ ਦੇ ਦਰਮਿਆਨ। ਸਤਿਗੁਰੂਜੀ ਫੁਰਮਾਉਂਦੇ ਹਨ :-

**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥**

**ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥** (ਅੰਗ- 628)

ਫਾਸਲਾ ਤਾਂ ਇੰਨਾ ਕੁ ਹੀ ਹੈ ਪਰ ਇਹ ਪਰਦਾ ਹਉਮੈ ਦਾ ਹੈ। ਬੜਾ ਮੋਟਾ ਹੈ। ਕੰਕਰੀਟ, ਸੀਮਿੰਟ, ਪੱਥਰ ਅਤੇ ਲੋਹੇ ਦੇ ਬਣੇ ਥੰਮ ਬਰਗਾ ਬਣਿਆ ਹੈ। ਸੌਖੇ ਸੌਖੇ ਭੰਨਿਆ ਨਹੀਂ ਜਾ ਸਕਦਾ। ਟੁਟ ਨਹੀਂ ਸਕਦਾ। ਹਾਂ ਇਸਨੂੰ ਤੋੜਨ ਦੇ ਸਮਰੱਥ ਸਤਿਗੁਰੂਜੀ ਹਨ, ਜੇਕਰ

ਕਿਰਪਾ ਕਰ ਦੇਣ ਤਾਂ ਇਹ ਹਉਮੈ ਦੀ ਕੰਧ ਟੁੱਟ ਸਕਦੀ ਹੈ :-

**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**

**ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥** (ਅੰਗ-1263)

ਧਨ, ਜੋਬਨ ਮਾਲ ਆਦਿ ਵੀ ਵੈਰੀਆਂ ਤੋਂ ਘੱਟ ਕੰਮ ਨਹੀਂ ਕਰਦੇ। ਇਹਨਾਂ ਵਿੱਚ ਰੰਗ ਰਲੀਆਂ ਮਨਾਉਂਦੇ ਮਨੁੱਖ ਨੂੰ ਆਖਿਰ ਜਮਦੂਤਾਂ ਦੇ ਨਾਲ ਜਾਣਾ ਪੈਂਦਾ ਹੈ ਅਤੇ ਜਮਦੂਤ ਉਸਨੂੰ ਬੇਇੱਜ਼ਤ ਵੀ ਕਰਦੇ ਹਨ :-

**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥**

**ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥** (ਅੰਗ-417)

ਕਿਉਂਕਿ ਮਨੁੱਖ ਹਰ ਸਮੇਂ ਹੀ ਖਾਣ ਪੀਣ ਦੇ ਸੁਆਦ 'ਚ, ਪਹਿਨਣ ਦੀ ਲਾਲਸਾ 'ਚ, ਧੰਨ ਜੋਬਨ ਦੇ ਮਾਣ ਵਿੱਚ ਅਤੇ ਜੋਬਨ ਦੇ ਅਭਿਮਾਨ ਵਿੱਚ ਰਤਿਆ ਰਹਿੰਦਾ ਹੈ। ਸਬਰ ਸੰਤੋਖ ਨਹੀਂ ਰੱਖਦਾ ਕਿਸੇ ਸ਼ੁਭ ਕਰਨੀ ਵਲ ਧਿਆਨ ਨਹੀਂ ਦਿੰਦਾ। ਸੋਹਣੇ ਸੋਹਣੇ ਕੱਪੜਿਆਂ ਤੇ ਗਹਿਣਿਆਂ ਦੀ ਲਾਲਸਾ ਤੇ ਜੀਭ ਦੇ ਸੁਆਦ ਮਾਣਦਾ ਉਮਰ ਬਤੀਤ ਕਰ ਦਿੰਦਾ ਹੈ :-

**ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥**

**ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥** (ਅੰਗ-16)

ਇਹ ਸਭ ਚੀਜ਼ਾਂ ਫਜ਼ੂਲ ਹਨ ਜੇਕਰ ਵਾਹਿਗੁਰੂ ਨੂੰ ਵਿਸਾਰ ਦੇਈਏ, ਉਸਨੂੰ ਯਾਦ ਨਾ ਕਰੀਏ :-

**ਪੈਧਾ ਖਾਧਾ ਬਾਦਿ ਹੈ ਜਾਂ ਮਨਿ ਦੂਜਾ ਭਾਉ ॥** (ਸਲੋਕ, ਅੰਗ-1411)

ਇਹ ਧੰਨ ਜੋਬਨ ਆਦਿ ਤਾਂ ਸਾਨੂੰ ਠੱਗ ਲੈਂਦੇ ਹਨ। ਇਸ ਆਸ ਉੱਤੇ ਕਈ ਕੰਮ ਕਰਦੇ ਹਾਂ ਪਰ ਸਾਡੀਆਂ ਆਸਾਂ ਪੂਰੀਆਂ ਨਹੀਂ ਹੁੰਦੀਆਂ ਕਈ ਵਾਰ ਤਾਂ ਵਿਚ-ਵਿਚਾਲੇ ਹੀ ਛੱਡ ਕੇ ਟੁਰਨਾ ਪੈਂਦਾ ਹੈ। ਇਹਨਾਂ ਦੁਨਿਆਵੀ ਪਦਾਰਥਾਂ ਦੀ ਲਿਸ਼ਕ ਦੇਖ ਇਹਨਾਂ ਨੂੰ ਪ੍ਰਾਪਤ ਕਰਨ ਲਈ ਮਿਹਨਤ ਕਰਦੇ ਕਰਦੇ ਹੀ, ਆਸ ਪੂਰੀ ਹੋਣ ਤੋਂ ਪਹਿਲਾ ਹੀ ਵਿੱਚੇ ਹੀ ਟੁੱਟ ਜਾਂਦੀ ਹੈ। ਇਹ ਪਦਾਰਥ ਉੱਪਰੋਂ ਤਾਂ ਮਿੱਠੇ ਹਨ ਪਰ ਅੰਦਰੋਂ ਕੌੜੇ ਹਨ। ਬਹੁਤੇ ਤਾਂ ਇਹਨਾਂ ਨੂੰ ਭੋਗਦੇ ਭੋਗਦੇ ਹੀ ਖਤਮ ਹੋ ਗਏ, ਉੱਜੜ ਗਏ :-

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥**

**ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥** (ਅੰਗ- 1379)

ਯਥਾ

**ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥**

**ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥**

**ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥**

**ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥** (ਮ: 1, ਅੰਗ- 1288)

ਰਾਜ ਅਭਿਮਾਨ, ਮਾਲ ਅਸਬਾਬ, ਰੂਪ (ਸੁਹੱਪਣ), ਜਾਤ ਅਭਿਮਾਨ ਅਤੇ ਜੁਆਨੀ ਇਹ ਸਭ ਹੀ ਸਾਨੂੰ ਠੱਗਣ ਵਾਲੇ ਚਾਰ ਸੌ ਵੀਹ ਹਨ। ਪਰ ਗੁਰੂਕਿਰਪਾ ਦੁਆਰਾ ਗੁਰਮੁੱਖ ਇਹਨਾਂ ਨੂੰ ਠੱਗ ਲੈਂਦਾ ਹੈ।

ਆਪਣੇ ਪਰਿਵਾਰ ਦੇ ਜੀਆਂ ਨੇ ਵੀ ਘੇਰ ਰੱਖਿਆ ਹੈ। ਉਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਹਿਤ ਅਤੇ ਮੋਹ ਮਾਇਆ ਦੇ ਢੰਧੇ ਵਿੱਚ ਤੈਨੂੰ ਫਸਾਈ ਰੱਖਦੇ ਹਨ, ਤੈਨੂੰ ਸਿਮਰਨ ਭਗਤੀ ਨਹੀਂ ਕਰਨ ਦਿੰਦੇ। ਜਿਸ ਤਰ੍ਹਾਂ ਹਾਥੀ ਨੂੰ ਕਾਮ ਦੀ ਪ੍ਰੇਰਾ ਮਾਰਦੀ ਹੈ ਇਸੇ ਤਰ੍ਹਾਂ ਕੁਟੰਬ ਦੇ ਜੀਆਂ ਦਾ ਬਹੁਤਾ ਮੋਹ ਸਾਨੂੰ ਨਸ਼ਟ ਕਰਦਾ ਹੈ। ਤੈਨੂੰ ਇਹ ਨਹੀਂ ਪਤਾ ਕਿ ਇਹ ਜੀਅ ਤਾਂ ਦਰੱਖਤ ਤੇ ਬੈਠੇ ਜਾਂ ਧਰਤੀ ਤੇ ਇੱਕਤਰ ਹੋਏ ਪੰਛੀਆਂ ਵਾਂਗ ਹਨ ਜਿਨ੍ਹਾਂ ਨੇ ਥੋੜ੍ਹੀ ਦੇਰ ਬਾਅਦ ਜ਼ਰੂਰ ਹੀ ਵਿਛੜਨਾ ਹੈ।

**ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ ॥**

**ਜਿਉ ਪੰਖੀ ਇਕਤ੍ਰ ਹੋਇ ਫਿਰਿ ਬਿਛੁਰੈ**

**ਥਿਰੁ ਸੰਗਤਿ ਹਰਿ ਹਰਿ ਧਿਆਇਲੇ ॥** (ਮਹਲਾ 5, ਅੰਗ- 862)

ਵਿਛੜਨਾ ਤਾਂ ਜ਼ਰੂਰ ਹੀ ਹੈ ਇਹਨਾਂ ਵਿੱਚੋਂ ਕਿਸੇ ਨੇ ਤੇਰਾ ਸਨੇਹੀ ਵੀ ਨਹੀਂ ਬਣਨਾ। ਤੇਰੀ ਕਿਸੇ ਨੇ ਕੋਈ ਮਦਦ ਨਹੀਂ ਕਰਨੀ।

**ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ ॥**

**ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ ॥** (ਮਹਲਾ 5, ਅੰਗ 609)

ਯਥਾ

**ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥**

**ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥** (ਮਹਲਾ 1, ਅੰਗ-662)

ਸੋਨਾ-ਚਾਂਦੀ, ਮੋਤੀ ਜਵਾਹਰਾਤ ਜੇਕਰ ਕਿਸੇ ਕੋਲ ਹੋਵੇ, ਉਹ ਕਿਸ ਦੀ ਦਾਤ ਨੇ? ਦਾਤਾਰ ਨੂੰ ਛੱਡ ਕੇ ਅਸੀਂ ਇਹਨਾਂ ਦਾਤਾਂ ਨਾਲ ਹੀ ਮੋਹ ਪਾ ਲੈਂਦੇ ਹਾਂ। ਉਹ ਕਿੱਡਾ ਸੋਹਣਾ ਹੋਵੇਗਾ ਜਿਸਨੇ ਇਹ ਸੋਹਣੀਆਂ ਵਸਤਾਂ ਬਣਾਈਆਂ ਅਤੇ ਸਾਨੂੰ ਬਖਸ਼ੀਆਂ। ਸੁਹਣੇ ਸੁਹਣੇ ਮਹਿਲ ਦਿੱਤੇ ਸੁੰਦਰ ਇਸਤਰੀਆਂ ਦਿਤੀਆਂ, ਮਾਨ-ਵਡਿਆਈਆਂ ਦਿਤੀਆਂ, ਸੁਹਣਾ ਸਰੀਰ ਦਿਤਾ, ਸਰੀਰ ਦੇ ਅੰਗ ਜਿਨ੍ਹਾਂ ਦਾ ਮੁੱਲ ਨਹੀਂ ਪਾਇਆ ਜਾਂਦਾ ਸਾਨੂੰ ਦਿਤੇ। ਪਰ ਤੂੰ ਉਸ ਦਾਤੇ ਨੂੰ ਛੱਡ ਕੇ ਇਹਨਾਂ ਵਿੱਚ ਹੀ ਖੱਚਤ ਹੋ ਗਿਉਂ ਅਤੇ ਇਹਨਾਂ ਨੂੰ ਭੋਗਦਾਂ ਭੋਗਦਾ ਆਪ ਹੀ ਭੋਗਿਆ ਗਿਆ। ਕਰਣਹਾਰੇ ਦਾ ਸੰਗ ਪ੍ਰਾਪਤ ਨਹੀਂ ਕਰ ਸਕਿਆ :-

**ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥**

**ਸੇ ਵਸਤੂ ਸਹਿ ਦਿਤੀਆ ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ ॥**

**ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ਹਉ ਏਨੀ ਟੋਲੀ ਭੁਲੀਅਸੁ ॥**

**ਤਿਸੁ ਕੰਤ ਨ ਬੈਠੀ ਪਾਸਿ ਜੀਉ ॥** (ਮਹਲਾ 1, ਅੰਗ- 762)

ਯਥਾ

**ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥**

**ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥**

**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥** (ਅੰਗ-14)

ਯਥਾ

**ਪਾਵਤੁ ਰਲੀਆ ਜੋਬਨਿ ਬਲੀਆ ॥**

**ਨਾਮ ਬਿਨਾ ਮਾਟੀ ਸੰਗਿ ਰਲੀਆ ॥**

**ਰੂਪ ਸੁੰਦਰੀਆ ਅਨਿਕ ਇਸਤਰੀਆ ॥**

**ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥** (ਮਹਲਾ 5, ਅੰਗ-375)

ਇਕ ਹੋਰ ਵੱਡਾ ਦੁਸ਼ਮਣ ਹੈ ਇਸ ਰਾਹ ਤੇ ਤੁਰਨ ਵਾਲੇ ਲਈ ਜਿਸ ਦਾ ਨਾਉਂ ਹੈ - ਸ਼ੋਭਾ, ਵਡਿਆਈ, ਲੋਕਾਚਾਰੀ :-

**ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥**

**ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥** (ਅੰਗ - 1373)

ਯਥਾ

**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥**

**ਕੋਈ ਭਲਾ ਕਹਉ ਭਾਵੈ ਬੁਰਾ ਕਹਉ ॥**

**ਹਮ ਤਨੁ ਦੀਓ ਹੈ ਢਾਰਿ ॥** (ਮਹਲਾ 4, ਅੰਗ-528)

ਲੋਕੀਂ ਉਪਮਾ ਕਰਨ ਲੱਗ ਜਾਣ, ਜਗਿਆਸੂ ਵਿੱਚ ਅਟਕ ਸਕਦਾ ਹੈ। ਹਉਮੈ ਘਟਣ ਦੀ ਥਾਂ ਵਧ ਜਾਂਦੀ ਹੈ। ਇਸੇ ਤਰ੍ਹਾਂ ਝੂਠੀ ਨਿੰਦਾ ਜੇਕਰ ਤੁਹਾਡੀ ਹੋ ਜਾਵੇ ਤਾਂ ਰਸਤੇ ਤੋਂ ਫਿਸਲਣ ਦਾ ਖਤਰਾ ਹੈ। ਮਨ ਪਾਰਦਰਸ਼ੀ ਸ਼ੀਸ਼ਾ ਹੈ। ਜਦੋਂ ਗੁਰਮੁੱਖ ਜਨ ਹਉਮੈ ਨੂੰ ਮਾਰ ਲਏਗਾ, ਹਉਮੈ ਦਾ ਜੰਗਾਲ ਇਸ ਮਨ ਨੂੰ ਲੱਗਣ ਨਹੀਂ ਦੇਵੇਗਾ, ਇਸ ਵਿੱਚੋਂ ਪ੍ਰਮਾਤਮਾ ਦੇ ਦਰਸ਼ਨ ਹੋਣਗੇ। ਮਨ ਵਿੱਚ ਜੋ ਸੰਕਲਪ

-ਵਿਕਲਪ ਚੌਵੀ ਘੰਟੇ ਚਲਦੇ ਰਹਿੰਦੇ ਹਨ। ਦੋਵੇਂ ਚੰਗੇ-ਮੰਦੇ ਵਿਚਾਰਾਂ ਤੋਂ ਮਨ ਨੂੰ ਸਾਫ ਰੱਖਣ ਦੀ ਲੋੜ ਹੈ। ਇਹਨਾਂ ਵਿਚਾਰਾਂ ਤੇ ਕਾਬੂਪਾਉਣ ਦੀ ਲੋੜ ਹੈ। ਸ਼ਬਦ ਦਾ ਅਨਾਹਦ ਨਾਦ ਸੁਰਤ ਵਿੱਚ ਪ੍ਰਗਟ ਹੁੰਦਾ ਹੈ। ਉਸ ਧੁਨ ਵਿੱਚ ਸੁਰਤ ਨੂੰ ਟਿਕਾ ਕੇ, ਉਸ ਨੂੰ ਸੁਣਦੇ ਸੁਣਦੇ, ਸ਼ਬਦ ਦੀ ਕਮਾਈ ਕਰਦੇ ਕਰਦੇ ਪਰਮ ਸਤਿ ਵਿੱਚ ਸਮਾਉਣਾ ਸਾਡਾ ਪਰਮ ਧਰਮ ਹੈ :-

**ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥**

**ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥**

**ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥** (ਮਹਲਾ 3, ਅੰਗ-115)

ਉਪਰੋਕਤ ਬਿਆਨ ਸਾਰੇ ਦੁਸ਼ਮਣ ਕਾਬੂਕਰਨ ਲਈ ਅਤੇ ਵਾਹਿਗੁਰੂਮਿਲਾਪ ਦਾ ਜੀਵਨ ਮਨੋਰਥ ਪੂਰਾ ਕਰਨ ਲਈ, ਸਿਮਰਨ ਅਤਿਅੰਤ ਜ਼ਰੂਰੀ ਵਸਤੂਹੈ। ਇਹ ਦੁਸ਼ਟ ਸਿਮਰਨ ਤੋਂ ਦੂਰ ਭੱਜਦੇ ਹਨ :-

**ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ**

**ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ ॥**

**ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ**

**ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ ॥** (ਅੰਗ-851)

ਇਹਨਾਂ ਦੁਸ਼ਮਣਾਂ ਨੂੰ ਮਾਰਦੇ ਮਾਰਦੇ, ਇਹਨਾਂ ਨਾਲ ਝਗੜਦੇ, ਕਾਬੂਪਾਉਂਦੇ ਹੋਏ ਅਸੀਂ ਕਾਲ (ਮੌਤ) ਨੂੰ ਵੀ ਵੱਸ ਕਰ ਸਕਦੇ ਹਾਂ। ਜਨਮ ਮਰਨ ਦੇ ਗੇੜ ਤੋਂ ਬਚ ਜਾਂਦੇ ਹਾ। ਸਤਿਗੁਰੂਦੇ ਰਾਹ ਤੇ ਚਲ ਕੇ, ਸ਼ਬਦ ਦੀ ਕਮਾਈ ਕਰ ਕੇ, ਸਦਾ ਲਈ ਪ੍ਰਭੂਦੇ ਚਰਨਾਂ ਵਿੱਚ ਸੁਖੀ ਵਸਦੇ ਹਾਂ :-

**ਖਸਮੈ ਕੈ ਦਰਬਾਰਿ ਢਾਢੀ ਵਸਿਆ ॥**

**ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥**

**ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥**

**ਦੁਸਮਣ ਕਢੇ ਮਾਰਿ ਸਜਣ ਸਰਸਿਆ ॥**

**ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥**

**ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥**

**ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥**

**ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥** (ਪਉੜੀ, ਅੰਗ-148)

## ਮੇਰਾ ਕਾਰੋਬਾਰ

ਹਰੇਕ ਮਨੁੱਖ ਨੇ ਇਸ ਸੰਸਾਰ ਵਿੱਚ ਕੋਈ ਨਾ ਕੋਈ ਕਾਰੋਬਾਰ ਕਰਨਾ ਹੁੰਦਾ ਹੈ। ਆਪਣੇ ਰੁਜ਼ਗਾਰ, ਆਪਣੀ ਰੁਚੀ ਜਾਂ ਮਜਬੂਰੀ ਕਾਰਨ ਅਸੀਂ ਕਈ ਕਿਸਮ ਕੇ ਕੰਮਾਕਾਰਾਂ ਵਿੱਚ ਰੁਝੇ ਹੋਏ ਹਾਂ। ਆਮ ਤੌਰ ਤੇ ਸਾਰੇ ਕਾਰੋਬਾਰਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਦਾ ਹੈ :

1. **ਖੇਤੀਬਾੜੀ** 2. **ਨੌਕਰੀ ਚਾਕਰੀ** 3. **ਸੌਦਾਗਰੀ-ਦੁਕਾਨਦਾਰੀ**

ਇਹਨਾਂ ਕਾਰੋਬਾਰਾਂ ਵਿੱਚ ਅੱਗੇ ਹੋਰ ਕਈ ਵਿਭਾਗ ਬਣ ਜਾਂਦੇ ਹਨ। ਜੇਕਰ ਇਹਨਾਂ ਨਾਲ ਸਬੰਧਤ ਮਨੁੱਖਾਂ ਦਾ ਵਰਗੀਕਰਣ ਕਰੀਏ ਤਾਂ ਵੱਡੇ ਦੋ ਵਰਗ ਬਣਦੇ ਹਨ : 1. ਮਾਲਕ ਤੇ ਕਾਮਾ ਅਤੇ 2. ਅਧਿਕਾਰੀ ਤੇ ਕਰਮਚਾਰੀ। ਇਹਨਾਂ ਹੈਸੀਅਤਾਂ ਵਿੱਚ ਮਨੁੱਖ ਕਾਰੋਬਾਰ ਚਲਾਉਂਦਾ ਹੈ। ਪੁਰਾਣੇ ਸਮੇਂ ਦੀ ਕਹਾਵਤ ਹੈ:-

**ਉੱਤਮ ਖੇਤੀ ਮੱਧਮ ਵਪਾਰ ਨਖਿੱਧ ਚਾਕਰੀ ਭੀਖ ਦੁਆਰ ॥**

ਖੇਤੀ ਨੂੰ ਸਭ ਤੋਂ ਉੱਤਮ ਧੰਧਾ ਸਮਝਿਆਂ ਜਾਂਦਾ ਸੀ। ਵਪਾਰ ਨੂੰ ਦਰਮਿਆਨਾ ਅਤੇ ਨੌਕਰੀ ਨੂੰ ਭੀਖ ਮੰਗਣ ਦੇ ਬਰਾਬਰ। ਪਰ ਅੱਜ ਕੱਲ੍ਹ ਤਾਂ ਨੌਕਰੀ ਨੂੰ ਉੱਤਮ ਸਮਝਿਆ ਜਾਣ ਲੱਗ ਪਿਆ ਹੈ। ਸ਼ਾਇਦ ਇਸ ਲਈ ਕਿ ਕੰਮ-ਕਾਰ ਬਹੁਤਾ ਨਹੀਂ ਕਰਨਾ ਪੈਂਦਾ। ਪੱਕੀ

ਤਨਖਾਹ ਮਹੀਨੇ ਬਾਦ ਮਿਲ ਹੀ ਜਾਂਦੀ ਹੈ। ਕਿਸੇ ਦੀ ਕੋਈ ਪ੍ਰਵਾਹ ਨਹੀਂ। ਪਬਲਿਕ ਭਾਵੇਂ ਕਿਵੇਂ ਵੀ ਧੱਕੇ ਖਾਂਦੀ ਫਿਰੇ, ਫਿਰਦੀ ਰਹੇ, ਸਾਡਾ ਅੰਦਰਲਾ ਮਨ ਨਹੀਂ ਪੰਘਰਦਾ। ਸੇਵਾ ਭਾਵਨਾ ਦਾ ਅਭਾਵ ਹੈ। ਦੂਜੇ ਦੀ ਤਕਲੀਫ ਨੂੰ ਤਕਲੀਫ ਨਹੀਂ ਸਮਝਿਆ ਜਾਂਦਾ, ਇਹੋ ਆਮ ਵਤੀਰਾ ਬਣ ਗਿਆ ਹੈ। ਇਸੇ ਲਈ ਚਾਕਰੀ ਨੂੰ ਨਖਿੱਧ ਨਹੀਂ ਸਗੋਂ ਉੱਤਮ ਸਮਝਿਆ ਜਾਣ ਲੱਗ ਪਿਆ ਹੈ।

ਆਪਣੇ ਨਿਰਬਾਹ ਲਈ ਸੰਸਾਰੀ ਕਾਰੋਬਾਰ ਕਰਦੇ ਹੋਏ, ਸ੍ਰੀ ਗੁਰੂਨਾਨਕ ਦੇਵ ਜੀ ਨੇ ਸਾਨੂੰ ਹੋਰ ਕਿਹੜਾ ਕੰਮ ਕਾਜ ਕਰਨ ਦੀ ਹਦਾਇਤ ਦਿਤੀ ਹੈ, ਗੁਰਬਾਨੀ ਦੇ ਚਾਨਣ ਵਿੱਚ ਆਉ ਜ਼ਰਾ ਗਹੁ ਕਰੀਏ। ਖੇਤੀ ਦਾ ਕੰਮ ਕਰਦੇ ਹੋਏ ਸਤਿਗੁਰਾਂ ਵੱਲੋਂ ਉਪਦੇਸ਼ ਹੈ ਕਿ :-

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥**
**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥** (ਅੰਗ- 595)

ਖੇਤੀਬਾੜੀ ਦਾ ਉਦਾਹਰਣ ਲੈਂਦੇ ਸਤਿਗੁਰ ਜੀ ਫੁਰਮਾਉਂਦੇ ਹਨ ਕਿ ਇਹ ਕੰਮ ਕਰਨ ਵੇਲੇ, ਬੀਜ ਬੀਜਣ ਵੇਲੇ, ਪਾਣੀ ਦੇਣ ਵੇਲੇ ਵਾਢੀ ਆਦਿਕ ਕੰਮ ਕਰਨ ਸਮੇਂ ਨਾਲੋ ਨਾਲ ਮਨ ਨੂੰ ਵੀ ਹਲ ਵਾਹੁਣ ਵਾਲਾ ਬਣਾ, ਕਿਰਸਾਣੀ ਨੂੰ ਉੱਚੇ ਆਚਰਣ ਨਾਲ ਜੋੜ, ਉੱਦਮ ਦਾ ਪਾਣੀ ਦੇਹ ਅਤੇ ਸਰੀਰ ਨੂੰ ਖੇਤ ਬਣਾ ਲੈ। ਇਸ ਵਿੱਚ ਬੀਜ ਪਾ ਪ੍ਰਮਾਤਮਾ ਦੇ ਨਾਮ ਦਾ ਅਤੇ ਸੁਹਾਗਾ ਬਣਾ ਲੈ ਸੰਤੋਖ ਦਾ ਤੇ ਨਿਮਰਤਾ ਦਾ ਐਸਾ ਵੇਸ ਕਰਕੇ ਇਸ ਖੇਤੀ ਦੀ ਰਾਖੀ ਕਰ। ਸ਼ੁਭ ਕਰਮਾਂ ਤੇ ਪ੍ਰੇਮ ਨਾਲ ਇਹ ਬੀਜ ਜੰਮੇਗਾ ਅਤੇ ਤੇਰਾ ਘਰ ਫੇਰ ਭਾਗਾਂ ਵਾਲਾ ਹੋ ਜਾਵੇਗਾ। ਤੇਰੇ ਅੰਦਰ ਖੁਸ਼ੀਆਂ ਹੀ ਖੁਸ਼ੀਆਂ ਉਪਜ ਆਉਣਗੀਆਂ। ਮਹਾਰਾਜ ਇਸਨੂੰ ਸੱਚੀ ਕਮਾਈ ਆਖਦੇ ਹਨ।

ਪੰਜਵੇਂ ਪਾਤਸ਼ਾਹ ਦਾ ਫੁਰਮਾਣ ਹੈ ਕਿ ਐ ਮਨੁੱਖ! ਤੂੰ ਦਿਨ ਰਾਤ ਵਾਹਿਗੁਰੂਦਾ ਸਿਮਰਨ ਕਰ। ਇਹ ਕਰਨੀ ਸਭ ਤੋਂ ਉੱਤਮ ਕਰਨੀ ਹੈ। ਖੇਤੀਬਾੜੀ ਕਰਦੇ ਹੋਏ ਜਾਂ ਹੋਰ ਕੰਮ ਕਰਦੇ ਹੋਏ ਹੱਥਾਂ ਪੈਰਾਂ ਨਾਲ ਕੰਮ ਕਰਦੇ ਹੋਏ ਚਿੱਤ ਵਿੱਚ ਵਾਹਿਗੁਰੂਦੀ ਯਾਦ ਨੂੰ ਵਸਾ। ਇਸ ਲਈ ਕੇਵਲ ਲਗਨ ਤੇ ਉੱਦਮ ਦੀ ਲੋੜ ਹੈ। ਪ੍ਰਭੂਨੂੰ ਧਿਆਉਂਦਾ ਤੂੰ ਉਸਨੂੰ ਪਾ ਲਵੇਂਗਾ ਤੇ ਤੇਰੀਆਂ ਸਾਰੀਆਂ ਚਿੰਤਾਵਾਂ ਮਿਟ ਜਾਣਗੀਆਂ :-

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥** (ਅੰਗ - 522)

ਭਗਤ ਤ੍ਰਿਲੋਚਨ ਜੀ, ਭਗਤ ਨਾਮਦੇਵ ਜੀ ਦੇ ਮਿੱਤਰ ਸਨ। ਨਾਮਦੇਵ ਜੀ ਛੀਂਬੇ ਦਾ ਕੰਮ ਕਰਦੇ ਸਨ। ਉਹ ਕੰਮ ਵੀ ਕਰਦੇ ਰਹਿੰਦੇ ਅਤੇ ਮਨ ਵਿੱਚ ਰਾਮ ਨਾਮ ਦੀ ਜਪਦੇ ਰਹਿੰਦੇ। ਤ੍ਰਿਲੋਚਨ ਜੀ ਨੂੰ ਸ਼ੱਕ ਪੈ ਗਿਆ ਕਿ ਇਹ ਨਾਮ ਕਿਸ ਵੇਲੇ ਜਪਦੇ ਹੋਣਗੇ ਹਰ ਸਮੇਂ ਤਾਂ ਇਹਨਾਂ ਨੂੰ ਕੰਮ ਵਿੱਚ ਰੁਝਿਆਂ ਦੇਖੀਦਾ। ਆਖਰ ਉਹਨਾਂ ਨੇ ਨਾਮਦੇਵ ਜੀ ਤੇ ਸੁਆਲ ਕਰ ਹੀ ਦਿਤਾ। ਕਬੀਰ ਸਾਹਿਬ ਦੀ ਜ਼ਬਾਨੀ ਇਹ ਪ੍ਰਸ਼ਨ ਇਉਂ ਹੈ :-

**ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥**
**ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥** (ਅੰਗ - 1375)

ਐ ਮਿੱਤਰ ਨਾਮਦੇਵ ਜੀ! ਤੂੰ ਰਾਮ ਨੂੰ ਚਿੱਤ ਵਿੱਚ ਕਿਉਂ ਨਹੀਂ ਲਿਆਉਂਦਾ? ਭਗਤੀ ਕਿਉਂ ਨਹੀਂ ਕਰਦਾ? ਹਰ ਸਮੇਂ ਮਾਇਆ ਦਾ ਮੋਹਿਆ ਹੋਇਆ ਕੱਪੜੇ ਛਾਪਣ ਦਾ ਧੰਦਾ ਹੀ ਕਰਦਾ ਰਹਿੰਦਾ ਹੈ। ਦੇਖੋ! ਨਾਮਦੇਵ ਜੀ ਨੇ ਕੀ ਉੱਤਰ ਦਿਤਾ :-

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥** (ਅੰਗ-1376)

ਨਾਮਦੇਵ ਜੀ ਕਹਿਣ ਲੱਗੇ, ਵੀਰ ਤ੍ਰਿਲੋਚਨ! ਹੱਥਾਂ ਪੈਰਾਂ ਨਾਲ ਕੰਮ ਕਰੀ ਜਾਉ ਕੋਈ ਫਰਕ ਨਹੀਂ ਪੈਂਦਾ, ਪਰ ਮਨੁੱਖ ਦੇ ਮਨ ਵਿੱਚ ਪ੍ਰਭੂਦੀ ਯਾਦ ਵਸੀ ਹੋਵੇ। ਪ੍ਰਭੂਸਿਮਰਨ ਤਾਂ ਮਨ ਨੇ ਕਰਨਾ ਹੈ, ਚਿੱਤ ਵਿੱਚ ਹੋਣਾ ਹੈ, ਹੱਥ ਪੈਰ ਬੇਸ਼ੱਕ ਕਿਸੇ ਕੰਮ ਲੱਗੇ ਰਹਿਣ। ਨਾਮ ਤਾਂ ਸੁਰਤ ਵਿੱਚ ਵਸਾਉਣਾ ਹੈ। ਯਾਦ ਤਾਂ ਪ੍ਰਭੂਦੀ ਰੋਮ ਵਿੱਚ ਵਸਾਉਣੀ ਹੈ।

ਜੀਵਨ ਦੀ ਕਰਨੀ ਇਹੋ ਹੀ ਉੱਤਮ ਹੈ ਕਿ ਸਦਾ ਸਦਾ ਪ੍ਰਭੂਦਾ ਸਿਮਰਨ ਕਰੀਏ। ਹੋਰ ਧੰਦੇ ਤਾਂ ਇੱਥੇ ਹੀ ਰਹਿ ਜਾਣੇ ਹਨ। ਧੰਦਾ ਕਰਦੇ ਕਰਦੇ ਬੇਅੰਤ ਚਲੇ ਗਏ ਅਤੇ ਬੇਅੰਤ ਜਾ ਰਹੇ ਹਨ। ਕਰਨੀ ਐਸੀ ਕਰੀਏ ਜੋ ਸਦਾ ਸਾਡੇ ਅੰਗ ਸੰਗ ਰਹੇ, ਸਦਾ ਸਹਾਈ ਹੋਵੇ। ਚਲਦਿਆਂ ਨਾਲ ਵੀ ਚਲੇ :-

**ਜਪਿ ਜਨ ਸਦਾ ਸਦਾ ਦਿਨੁ ਰੈਣੀ ॥**

**ਸਭ ਤੇ ਊਚ ਨਿਰਮਲ ਇਹ ਕਰਣੀ ॥** (ਗਉੜੀ ਮਹਲਾ 5, ਅੰਗ-283)

ਇਸ ਜੀਵਨ ਵਿੱਚ, ਇਹ ਸੰਸਾਰ ਵਿੱਚ ਜੋ ਅਸੀਂ ਕਾਰੋਬਾਰ ਕਰਨਾ ਹੈ, ਜੋ ਸਾਡਾ ਫ਼ਰਜ਼ ਹੈ, ਜੀਵਨ ਮਨੋਰਥ ਹੈ, ਉਹ ਇਹੋ ਹੈ ਕਿ ਗੋਬੰਦ ਦੇ ਗੁਣ ਗਾਈਏ, ਸਭ ਤੋਂ ਸ਼੍ਰੇਸ਼ਟ ਉੱਤਮ ਕਾਰੋਬਾਰ ਇਹੋ ਹੀ ਹੋਵੇਗਾ, ਜਦੋਂ ਸੱਚਾ ਸਾਹਿਬ (ਵਾਹਿਗੁਰੁ) ਸਾਡੇ ਮਨ ਵਿੱਚ ਵਸ ਜਾਵੇ। ਮਨ, ਤਨ ਅਤੇ ਹਿਰਦੇ ਵਿੱਚ ਪ੍ਰਮਾਤਮਾ ਦੀ ਸਿਫਤ ਸਲਾਹ ਸਦਾ ਰਹੇ, ਦਿਨ ਰਾਤ ਹੁੰਦੀ ਰਹੇ। ਇਹ ਉੱਚਤਮ ਕਾਰੋਬਾਰ ਹੈ।

**ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ ॥**

**ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ ॥** (ਅੰਗ- 6●8)

ਇਹ ਵਪਾਰ ਕਰਦੇ ਹੋਏ ਸਾਡਾ ਵਿਵਹਾਰ ਕੀ ਹੋਣਾ ਚਾਹੀਦਾ ਹੈ। ਸਤ ਸੰਤੋਖ ਤੇ ਦਇਆ ਨੂੰ ਧਾਰਨ ਕਰਨਾ ਹੈ। ਸਤਿਨਾਮ ਦੀ ਕਮਾਈ ਕਰਨੀ ਹੈ। ਸੱਚ ਦਾ ਵਪਾਰ ਕਰਨਾ ਹੈ। ਕੂੜ ਨੂੰ ਨੇੜੇ ਨਹੀਂ ਢੁੱਕਣ ਦੇਣਾ ਸੰਤੋਖ ਸਬਰ ਵਿੱਚ ਰਹਿ ਕੇ ਜਿੰਨਾਂ ਪ੍ਰਮਾਤਮਾ ਦਿੰਦਾ ਹੈ ਉਸੇ ਵਿੱਚ ਗੁਜ਼ਾਰਾ ਕਰਨਾ ਹੈ। ਇਹ ਨਹੀਂ ਕਰਨਾ ਕਿ ਲਾਲਚ ਵਸ ਹੋ ਕੇ ਡਾਕੇ ਮਾਰਦੇ ਫਿਰੀਏ, ਲੋਕਾਂ ਨਾਲ ਚਾਰ ਸੌ ਵੀਹ ਵਾਲਾ ਸੌਦਾ ਕਰੀਏ। ਹੇਰਾ ਫੇਰੀ ਕਰਦੇ ਫਿਰੀਏ। ਠੱਗੀ ਮਾਰੀਏ । ਜਮ੍ਹਾਂਖੋਰੀ ਕਰਕੇ ਚੀਜਾਂ ਦੇ ਭਾਅ ਵਧਾਉਂਦੇ ਰਹੀਏ। ਰਿਸ਼ਵਤ ਲਏ ਬਗੈਰ ਕਿਸੇ ਦਾ ਕੰਮ ਹੀ ਨਾ ਕਰੀਏ, ਇਸ ਤਰ੍ਹਾਂ ਮਨ ਨੂੰ ਮੈਲ ਚੜ੍ਹੇਗੀ। ਪਾਪਾਂ ਦੀ ਮੈਲ ਤੋਂ ਬਚਣ ਲਈ ਇਹਨਾਂ ਕੰਮਾਂ ਤੋਂ ਤੋਬਾ ਕਰਨੀ ਹੈ। ਸਾਡਾ ਕੰਮ ਹੈ ਕਿ ਗੁਰੂਨੂੰ ਮਿਲ ਕੇ ਆਪਣੀ ਮਤ ਤੇ ਬੁੱਧੀ ਨੂੰ ਨਿਰਮਲ ਬਣਾਈਏ। ਜਦੋਂ ਮਨ ਨਿਰਮਲ ਹੋ ਜਾਵੇਗਾ ਤਾਂ ਫਿਰ ਮਨ ਵਿੱਚ ਵਾਹਿਗੁਰੂਦੇ ਸ਼ਬਦ ਦੀ ਵਿਚਾਰ ਉਪਜੇਗੀ ਤੇ ਫੇਰ ਨਾਮ ਮਨ ਵਿੱਚ ਵਸ ਜਾਵੇਗਾ। ਇਹ ਸਾਚੀ ਕਾਰ ਹੈ ਤੇ ਹੋਰ ਕੰਮ ਕਾਜ ਸਭ ਨਿਸਫਲ ਹਨ :-

**ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥**

**ਮਨਿ ਨਿਰਮਲਿ ਵਸੈ ਸਚੁ ਸੋਇ ॥**

**ਸਾਚਿ ਵਸਿਐ ਸਾਚੀ ਸਭ ਕਾਰ ॥**

**ਊਤਮ ਕਰਣੀ ਸਬਦ ਬੀਚਾਰ ॥** (ਗਉੜੀ ਮਹਲਾ 3, ਅੰਗ-158)

ਜੇਕਰ ਅਸੀਂ ਵਪਾਰੀ ਹਾਂ ਤਾਂ ਕਿਹੋ ਜਿਹਾ ਵਪਾਰ ਕਰੀਏ? ਅਸਲੀ ਵਣਜ ਕੀ ਹੈ? ਸ੍ਰੀ ਗੁਰੁਨਾਨਕ ਦੇਵ ਜੀ ਦੇ ਹੇਠਾਂ ਦਿੱਤੇ ਸ਼ਬਦ ਨੂੰਸਮਝ ਲਈਏ, ਸੱਚੇ ਸੌਦੇ ਦਾ ਪਤਾ ਚੱਲ ਜਾਵੇਗਾ। ਗੁਰ ਫੁਰਮਾਣ ਹੈ:-

**ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥**

**ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥**

**ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥**

**ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥**

**ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥**

**ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥** (ਅੰਗ- 595)

ਜੇ ਤੂੰ ਹੱਟੀ ਬੈਠਾ ਹੈਂ ਤਾਂ ਜੋ ਦਿਨ ਦਿਨ ਉਮਰ ਘਟਦੀ ਜਾ ਰਹੀ, ਉਸ ਦੀ ਹੱਟੀ ਬਣਾ, ਦੇਖ ਸਵਾਸਾਂ ਦੀ ਪੂੰਜੀ ਕਿਵੇਂ ਮੁਕਦੀ ਜਾਂਦੀ ਹੈ। ਉਸ ਹੱਟੀ ਦੇ ਵਿੱਚ ਵਾਹਿਗੁਰੂਦੇ ਨਾਮ ਦੀ ਵਸਤੂਰੱਖ ਲੈ ਅਤੇ ਆਪਣੀ ਸੁਰਤਿ ਨੂੰ ਭੰਡਾਰਾ (ਸਟੋਰ) ਬਣਾ ਕੇ ਉਸ ਵਿੱਚ ਨਾਮ ਨੂੰ ਟਿਕਾ ਲੇ। ਨਾਮ ਦੇ ਵਣਜਾਰੇ ਜੋ ਹਨ (ਸਤਿਸੰਗੀ) ਉਹਨਾਂ ਨਾਲ ਵਣਜ ਕਰ ਭਾਵ ਮਿਲ ਕੇ, ਸਤਿਸੰਗ ਕਰਕੇ ਨਾਮ ਦੀ ਗੱਲ ਨੂੰ ਸਮਝ ਤੇ ਜਪ। ਇਸ ਤਰ੍ਹਾਂ ਬੜਾ ਲਾਭ ਹੋਵੇਗਾ ਤੇ ਤੈਨੂੰ ਖੁਸ਼ੀਆਂ ਪ੍ਰਾਪਤ ਹੋਣਗੀਆਂ। ਧਾਰਮਿਕ ਗ੍ਰੰਥਾਂ ਦੀ ਗੱਲ ਸੁਣ। ਗਿਆਨ ਦੀਆਂ ਗੱਲਾ ਨੂੰ ਚਿੱਤ ਵਿੱਚ ਵਸਾ, ਇਸ ਤਰ੍ਹਾਂ ਸੌਦਾਗਿਰੀ ਕਰਕੇ ਜੋ ਮਾਲ ਤੂੰ ਵੇਚਣਾ ਹੈ ਘੋੜਿਆਂ ਤੇ ਲੱਦ ਕੇ, ਉਹ ਘੋੜੇ ਸੱਚ ਦਾ ਰੂਪ ਹੋਣ। ਜੋ ਵਸਤਾਂ ਉਹਨਾਂ ਤੇ ਲੱਦੀਆਂ ਹੋਣ, ਗੱਠਾਂ ਬੱਧੀਆਂ ਹੋਣ ਉਹ ਚੰਗਿਆਂਈਆਂ ਦੀਆਂ ਹੋਣ ਤੇ ਇਹ ਕੰਮ ਹੁਣੇ ਹੀ ਸ਼ੁਰੂਕਰ ਦੇਹ ਕੱਲ੍ਹ ਤੇ ਨਾ ਛੱਡੀਂ। ਇਸ ਤਰਾਂ ਭਾਈ ! ਤੂੰ ਨਿਰੰਕਾਰ ਦੇ ਦੇਸ਼ ਪਹੁੰਚ ਜਾਏਂਗਾ, ਤੇ ਉਸ ਦੇ ਮਹਿਲ ਵਿੱਚ ਤੇਰਾ ਵਾਸਾ ਹੋ ਜਾਵੇਗਾ ਜਿੱਥੇ ਸਦਾ ਸੁੱਖ ਹੀ ਸੁੱਖ ਹੈ।

ਹੋਰ ਆਖਦੇ ਹਨ ਜੋ ਅਸੀਂ ਹਟੜੀ ਪਾਂਉਦੇ ਹਾਂ। ਇਸ ਨੂੰ ਤਨ ਦੀ ਹਟੜੀ ਬਣਾਈਏ। ਆਪਣੇ ਮਨ ਨੂੰ ਵਣਜਾਰਾ, ਸੌਦਾਗਰ ਬਣਾ ਕੇ ਸੱਚੇ ਨਾਮ ਦਾ ਵਪਾਰ ਕਰਨਾ ਹੀ ਸਾਡੇ ਜੀਵਨ ਦਾ ਮਨੋਰਥ ਹੈ। ਜੋ ਹੋਰ ਵਪਾਰ ਵਗੈਰਾ ਅਸੀਂ ਕਰਦੇ ਹਾਂ, ਕਾਹਦੇ ਪਿੱਛੇ? ਮਾਇਆ ਲਈ ! ਪਰ ਇਹ ਸੁੱਖ ਨਹੀਂ ਪਹੁਚਾਉਂਦੇ। ਮਾਇਆ ਤਾਂ ਜਿੰਨੀ ਵੱਧ ਹੋਵੇਗੀ ਉਨੀ ਵੱਧ ਚਿੰਤਾ, ਉਨੇ ਵੱਧ ਝਮੇਲੇ। ਜਿਹਨਾਂ ਦੇ ਪਾਸ ਸੱਚੇ

ਨਾਮ ਦੀ ਰਾਸ ਪੂੰਜੀ ਨਹੀਂ ਉਨਾਂ ਨੂੰ ਸੁੱਖ ਕਿੱਥੇ, ਸੋ ਦੁਨਿਆਵੀ ਕਾਰੋਬਾਰ, ਮਾਇਆ ਦੀ ਕਮਾਈ, ਸਤ-ਸੰਤੋਖ ਵਿੱਚ ਰਹਿ ਕਿ ਹੀ ਕਰਨੀ ਚੰਗੀ ਹੈ। ਸੁੱਖ ਮਿਲ ਸਕਦਾ ਹੈ। ਖੋਟਾ ਵਪਾਰ ਕਰਕੇ ਤਾਂ ਮਨ ਅਤੇ ਤਨ ਨੇ ਖੋਟਾ ਹੀ ਬਣਨਾ ਹੈ। ਰਾਸ ਪੂੰਜੀ ਪ੍ਰਾਪਤ ਕਰਨ ਲਈ ਦਰ ਦਰ ਦੀਆਂ ਠੋਕਰਾਂ ਖਾਂਦੇ ਹਾਂ। ਕਈ ਸ਼ਾਹਾਂ ਦੇ ਦਰਾਂ ਦੇ ਗੇੜੇ ਕੱਢਦੇ ਹਾਂ। ਐ ਭਾਈ ! ਮੇਰਾ ਸ਼ਾਹ ਤਾਂ ਇਕੋ ਹੀ ਵਾਹਿਗੁਰੂ, ਬਹੁਤ ਵੱਡਾ ਧਨੀ ਹੈ, ਜਿਸਨੂੰ ਹੋਰ ਬਹੁਤ ਸਾਰੇ ਵਣਜਾਰੇ ਵਣਜਦੇ ਹਨ। ਸਾਰੇ ਵਣਜਾਰੇ ਉਸਦੇ ਉਸਦੇ ਆਲੇ ਦੁਆਲੇ ਚੱਕਰ ਕੱਟਦੇ ਹਨ। ਸੋ ਤੂੰ ਉਸ ਤੋਂ ਹੀ ਨਾਮ ਦੀ ਰਾਸ਼ੀ ਮੰਗ ਜਿਸ ਕੋਲੋ ਸਭ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ :-

**ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ ॥** (ਆਸਾ ਮਹਲਾ 4, ਛੰਦ 10, ਅੰਗ-449)

ਐ ਮੇਰੇ ਮਨ ! ਵਪਾਰ ਤਾਂ ਇਹੋ ਹੀ ਚੰਗਾ ਹੈ ਜੋ ਗੁਰੂਸਾਹਿਬ ਦੱਸਦੇ ਹਨ :-

**ਕਾਚੀ ਸਉਦੀ ਤੋਟਾ ਆਵੈ ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥**

**ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ ॥** (ਮਾਰੂ ਮਹਲਾ 1, ਅੰਗ-1032)

ਪ੍ਰਭੂ ਨੂੰ ਵਣਜ ਭਾਉਂਦਾ ਹੈ, ਗੁਰਮੁੱਖ ਉਹ ਹੀ ਵਪਾਰ ਕਰਦਾ ਹੈ। ਇਸ ਤਰ੍ਹਾਂ ਉਸਦੀ ਮੂਲ ਪੂੰਜੀ (Principal Capital) ਪੂਰੀ ਦੀ ਪੂਰੀ ਰਹਿੰਦੀ ਹੈ ਅਤੇ ਰਾਸ਼ੀ (Working Capital) ਵਿਚ ਕਦੇ ਘਾਟਾ ਨਹੀਂ ਆਉਂਦਾ । ਜਮ ਦੀ ਫਾਹੀ ਦਾ ਤਾਂ ਫੇਰ ਸੁਆਲ ਹੀ ਪੈਦਾ ਨਹੀਂ ਹੁੰਦਾ। ਇਸ ਸੰਸਾਰ ਭਉਜਲ ਨੂੰ ਪਾਰ ਉਤਰਨ ਵਾਸਤੇ ਵਣਜ ਤਾਂ ਭਾਈ ਨਾਮ ਦਾ ਹੀ ਕਰਨਾ ਪਊ। ਆਖਦੇ ਹਨ ਕਿ ਮਨੁੱਖ ਜਨਮਾਂ-ਜਨਮਾਂਤ੍ਰਾਂ ਵਿਚ ਫਿਰਦਾ ਰਹਿੰਦਾ ਹੈ। ਦੁੱਖ ਸੁੱਖ ਭੋਗਦਾ ਹੈ। ਉਹ ਵਣਜਾਰੇ (ਸਤਿਸੰਗੀ) ਵੀ ਮਿਲ ਜਾਂਦੇ ਹਨ, ਮਿਲ ਕੇ ਸ਼ਬਦ ਦੀ ਕਮਾਈ ਕਰਦੇ ਹਨ ਤੇ ਭਉਜਲ (ਸੰਸਾਰ ਸਾਗਰ) ਤੋਂ ਪਾਰ ਹੋ ਜਾਂਦੇ ਹਨ।

**ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥**

**ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥** (ਅੰਗ 313)

ਦੇਸਾਂ ਪ੍ਰਦੇਸ਼ਾਂ ਵਿਚੋਂ ਝਾਗ ਕਿ ਅਸੀਂ ਹੁਣ ਐਥੇ (ਐਸ ਜਨਮ ਵਿਚ) ਸੌਦਾ ਲੈਣ ਆਏ ਹਾਂ। ਦੇਸ਼ ਪ੍ਰਦੇਸ਼ ਤੋਂ ਭਾਵ ਕਈ ਜੂਨਾਂ ਵਿਚੋਂ ਲੰਘ ਕੇ। ਕਈ ਜਨਮਾਂ ਤੋਂ ਬਾਅਦ ਮਨੁੱਖਾ ਦੇਹ ਮਿਲੀ ਹੈ। ਸ਼ੁਭ ਗੁਣਾਂ ਦੀ ਰਾਸ਼ੀ ਹੁਣ ਪੱਲੇ ਬੰਨਦੀ ਚਾਹੀਦੀ ਹੈ। ਅਸੀਂ ਵਾਪਾਰੀ ਬਣ ਕੇ ਸ਼ਾਹ, ਸਤਿਗੁਰੂ ਦੇ ਦੁਆਰੇ ਜਾਣਾ ਹੈ। ਅਰਦਾਸ ਕਰੀਏ ਕਿ ਪਿਤਾ ਜੀ ! ਨਾਮ ਰੂਪੀ ਸੌਦਾ ਦੇਵਹੁ ਤਾ ਕਿ ਅਸੀਂ ਕਮਾਈ ਕਰ ਸਕੀਏ। ਸਤਿਗੁਰੂ ਨੇ ਕਿਰਪਾ ਕਰਕੇ ਅਮੋਲ ਰਤਨ (ਨਾਮ) ਬਖਸ਼ ਦਿੱਤਾ ਹੈ। ਸਤਿਗੁਰੂ ਸੱਜਨ ਮਿੱਤ੍ਰ ਮਿਲ ਗਿਆ ਹੈ ਅਤੇ ਮੈਂ ਅਜਿਹਾ ਸੌਦਾ ਪਾ ਲਿਆ ਹੈ, ਜਿਸ ਨਾਲ ਚਿੱਤ ਨਿਹਚਲ ਹੋ ਗਿਆ ਹੈ:-

**ਪਰਦੇਸੁ ਝਾਗਿ ਸਉਦੇ ਕਉ ਆਇਆ ॥**
**ਵਸਤੁ ਅਨੂਪ ਸੁਣੀ ਲਾਭਾਇਆ ॥**
**ਗੁਣ ਰਾਸਿ ਬੰਨ੍ਹਿ ਪਲੈ ਆਨੀ ॥**
**ਦੇਖਿ ਰਤਨੁ ਇਹੁ ਮਨੁ ਲਪਟਾਨੀ ॥**
**ਸਾਹ ਵਾਪਾਰੀ ਦੁਆਰੈ ਆਏ ॥**
**ਵਖਰੁ ਕਾਢਹੁ ਸਉਦਾ ਕਰਾਏ ॥ਰਹਾਉ ॥**
**ਸਾਹਿ ਪਠਾਇਆ ਸਾਹੈ ਪਾਸਿ ॥**
**ਅਮੋਲ ਰਤਨ ਅਮੋਲਾ ਰਾਸਿ ॥**
**ਵਿਸਟੁ ਸੁਭਾਈ ਪਾਇਆ ਮੀਤ ॥**
**ਸਉਦਾ ਮਿਲਿਆ ਨਿਹਚਲ ਚੀਤ ॥** (ਆਸਾ ਮ: 5 ਅੰਗ 372)

ਅਗਲਾ ਕਾਰੋਬਾਰ ਨੌਕਰੀਚਾਕਰੀ ਦਾ ਹੈ। ਮਨੁੱਖਤਾ ਦੀ ਸੇਵਾ ਕਰਨੀ। ਸਰਕਾਰੀ ਦਫਤਰਾਂ ਵਿਚ ਨੌਕਰੀ ਕਰਦੇ ਹੋਏ ਧਿਆਨ ਰਖੀਏ ਕਿ ਕਿਸੇ ਦਾ ਕੰਮ ਰੋਕ ਕੇ, ਦੇਰ ਕਰਕੇ ਜਾਂ ਨਾ ਕਰਕੇ, ਕਿਸੇ ਦਾ ਦਿਲ ਤਾਂ ਨਹੀਂ ਦੁਖਾ ਰਹੇ ! ਇਹ ਵੀ ਸੱਚੇ ਕਾਰੋਬਾਰ ਦਾ ਇਕ ਅੰਗ ਹੈ। ਮੰਨ ਲਵੋ ਇਸ ਤਰ੍ਹਾਂ ਟਾਲ ਮਟੋਲ ਕਰਕੇ, ਜਾਣ ਬੁੱਝ ਕੇ ਕਿਸੇ ਦਾ ਦਿਲ ਦੁਖਾ ਰਹੇ ਹਾਂ, ਪਰ ਤੁਹਾਡੇ ਅੰਦਰ ਤੇ ਉਸ ਅੰਦਰ ਬੈਠਾ ਪਰਮਾਤਮਾ ਸਭ ਕੁਝ ਵੇਖ ਰਿਹਾ ਹੈ, ਇਸ ਤਰ੍ਹਾਂ ਤੁਸੀਂ ਪਾਪ ਕਰ ਰਹੇ ਹੋਵੋਗੇ। ਪ੍ਰਭੂ ਦੀ ਸੇਵਾ ਲੋਕਾਈ ਦੀ ਸੇਵਾ ਵਿਚ ਲੁਕੀ ਹੋਈ ਹੈ।

ਗੁਰੂਦੀ ਨੌਕਰੀ ਕਰਨ ਤੋਂ ਸਾਨੂੰ ਵਡਿਆਈਆਂ ਮਿਲਣਗੀਆਂ, ਕੇਵਲ ਐਥੈ ਹੀ ਨਹੀਂ, ਅੱਗੇ ਵੀ। ਮੁਕਤੀ ਹੋ ਜਾਵੇਗੀ। ਅਨੇਕਾਂ ਤਰ੍ਹਾਂ ਦੇ ਮਾਨਸਿਕ ਬੰਧਨਾਂ ਤੋਂ ਆਜ਼ਾਦੀ ਮਿਲ ਜਾਂਦੀ ਹੈ। ਸਤਿਗੁਰੂਦੀ ਸੇਵਾ ਕਰਨ ਨਾਲ।

**ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥**

**ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥**

**ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥**

**ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥** (ਅੰਗ 586)

ਸਤਿਗੁਰੂਦੀ ਸੇਵਾ ਕਰਨ ਦੀ ਕਾਰ ਜੋ ਹੈ, ਇਹ ਨੌਕਰੀ ਸਫਲ ਹੋਣ ਵਾਲੀ ਕਮਾਈ ਹੈ। ਇਹ ਚਾਕਰੀ ਕਰਦੇ ਹੋਏ ਖ਼ਸਮ ਦੇ ਹੁਕਮ ਵਿਚ ਰਹਿਣਾ ਹੈ। ਕੋਲੋਂ ਕੋਈ ਗੱਲ ਨਹੀਂ ਕਰਨੀ। ਆਪਣੀ ਨਹੀਂ ਚਲਾਉਣੀ। ਜੋ ਸਾਹਿਬ ਨੂੰ ਚੰਗਾ ਲਗਦਾ ਹੈ, ਐ ਮਨ! ਉਸੇ ਤਰ੍ਹਾਂ ਕਰ। ਜੋ ਕਰਾਏ ਸੋਈ ਕਰ। ਜੇ ਤੂੰ ਉਸ ਦੇ ਹੁਕਮ ਵਿਚ ਚੱਲੇਂਗਾ ਤਾਂ ਤੇਰੀ ਬੜੀ ਇੱਜ਼ਤ ਹੋਵੇਗੀ। ਦੂਣਾ ਚੌਣਾ ਮਾਨ ਮਿਲਗਾ ਤੈਨੂੰ।

**ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥**

**ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥**

ਪਰ ਜੇ ਸਾਹਿਬ ਨਾਲ ਤਰੱਰ ਫਰੱਰ ਕਰੇਂਗਾ, ਹੁਕਮ ਅਦੂਲੀ ਕਰੇਂਗਾ, ਨਾਰਾਜ਼ਗੀ ਹਾਸਿਲ ਹੋਵੇਗੀ, ਮਿਹਰ ਨਹੀਂ ਹੋਵੇਗੀ।

ਪਿਆਰੇ ਨਾਲ ਬਰਾਬਰੀ ਨਹੀਂ ਚਲਦੀ। ਹਉਂ ਛਡਣੀ ਪੈਂਦੀ ਹੈ। ਨਿਮਾਣ ਹੋ ਕੇ ਉਸ ਦੇ ਸ਼ੁਕਰ ਅੰਦਰ ਰਹਿਣਾ ਪੈਂਦਾ ਹੈ। ਕੀ ਕੁਝ ਨਹੀਂ ਦਿੱਤਾ ਸਾਨੂੰ ਉਸ ਨੇ? ਸਭ ਤੋਂ ਪਹਿਲਾਂ ਤਾਂ ਤੁਸੀਂ ਮਨੁੱਖਾ ਜੀਵਨ ਦਾ ਹੀ ਮੁੱਲ ਨਹੀਂ ਪਾ ਸਕਦੇ, ਇਕ ਉੱਗਲੀ ਦੀ ਕੀਮਤ ਨਹੀਂ ਪੈ ਸਕਦੀ। ਉਸ ਖ਼ਸਮ ਨਾਲ ਹੁਕਮ ਨਹੀਂ ਚਲਦਾ, ਬੇਨਤੀਆਂ ਹੀ ਕਰਦੇ ਰਹੀਏ। ਤਨੋ ਮਨੋ ਧਨੋ ਉਸਦੀ ਨੌਕਰੀ ਕਰੀਏ ਤਾਂ ਜੁ ਉਸ ਦੇ ਪਿਆਰ ਨੂੰ ਪਾ ਸਕੀਏ ਅਤੇ ਸਦਾ ਸੁਖੀ ਬਣੀਏ :-

**ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥**

**ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥**

**ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥**

**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥** (ਆਸਾ ਕੀ ਵਾਰ ਪਉੜੀ 22)

ਗੁਰੂਦੀ ਚਾਕਰੀ (ਸੇਵਾ) ਹੀ ਸਭ ਤੋਂ ਵੱਡੀ ਸੇਵਾ ਹੈ। ਵੱਡੀ ਘਾਲ ਕਮਾਈ ਹੈ, ਖਰੀ ਹੈ, ਸੁਖਾਲੀ ਹੈ, ਪਰ ਕਰਦਾ ਉਹ ਹੈ ਜਿਸ ਤੇ ਉਸ ਦੀ ਨਦਰ ਹੋ ਜਾਵੇ। ਗੁਰੂਦੀ ਸੇਵਾ ਕਰਦਾ ਹੋਇਆ ਜਗਿਆਸੂਨਾਮ ਦੀ ਕਮਾਈ ਕਰਦਾ ਹੈ। ਗੁਰੂਦੀ ਸੇਵਾ ਕੀ ਹੈ? ਗੁਰ ਸੇਵਾ ਗੁਰੂਦੀ ਭਗਤੀ ਹੈ। ਗੁਰੂਨਾਲ ਪਿਆਰ ਹੈ। ਗੁਰੂਦੇ ਚਰਨਾਂ ਵਿਚ ਤਨ, ਮਨ, ਧਨ ਅਰਪਨ ਕਰਨ ਦਾ ਨਾਂ ਹੈ। ਗੁਰੂਦੀ ਬਾਣੀ ਦੀ ਵਿਚਾਰ ਕਰਨੀ, ਸਮਝਣਾ ਤੇ ਅਮਲ ਵਿਚ ਲਿਆਉਣਾ ਹੈ। ਗੁਰਬਾਣੀ ਦੂਜਿਆਂ ਨੂੰ ਪੜ੍ਹਾਉਣੀ। ਗੁਰਬਾਣੀ ਨਾਲ ਹੋਰਨਾਂ ਨੂੰ ਜੋੜਨਾ ਗੁਰੂਸੇਵਾ ਹੈ। ਸੇਵਾਵਾਂ ਹੋਰ ਵੀ ਕਈ ਕਿਸਮ ਦੀਆਂ ਹਨ ਪਰ ਉੱਤਮ ਸੇਵਾ ਗੁਰੂਸ਼ਬਦ ਦੀ ਵੀਚਾਰ ਹੈ ਅਤੇ ਇਸ ਦਾ ਗਿਆਨ ਹੋਰ ਦੁਨਿਆਵੀ ਲੋਕਾਂ ਨੂੰ ਦੇਣਾ ਜਾਂ ਦੇਣ ਵਿਚ ਸਹਾਈ ਹੋਣਾ, ਗੁਰੂਸੇਵਾ ਹੈ। ਗੁਰਮੁਖ ਨਾਮ ਹੀ ਬੀਜਦਾ ਹੈ, ਉਸ ਤੋਂ ਨਾਮ ਹੀ ਉਪਜਦਾ ਹੈ ਅਤੇ ਨਾਮ ਹੀ ਮਨ ਵਿਚ ਵਸਾਉਂਦਾ ਹੈ:-

**ਗੁਰ ਕੀ ਸੇਵਾ ਖਰੀ ਸੁਖਾਲੀ ਜਿਸ ਨੋ ਆਪਿ ਕਰਾਏ ॥**

**ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ ॥** (ਅੰਗ- 246)

ਹੋਰ ਪਰਾਈਆਂ ਨੌਕਰੀਆਂ ਤਾਂ ਦੁੱਖ ਦੇਣ ਵਾਲੀਆਂ ਹਨ। ਦੇਸ਼ ਛੱਡ ਕੇ ਪ੍ਰਦੇਸ਼ਾਂ ਵਿਚ ਭਉਂਦਾ ਫਿਰਦਾ ਹੈ। ਆਪਣੇ ਆਪ ਨੂੰ ਵੇਚ ਕੇ ਕੰਮ ਕਰਦਾ ਹੈ। ਖਿਨ ਖਿਨ ਦੁੱਖ ਪਾਉਂਦਾ ਹੈ। ਮਾਇਆ ਦਾ ਬੰਧਿਆ ਹੋਇਆ ਗੁਲਾਮੀ ਕਰਦਾ ਹੈ। ਐਸਾ ਜੀਵਨ ਧ੍ਰਿਗ ਹੈ। ਫਿਟਕਾਰ ਹੈ ਐਸੇ ਜੀਵਨ ਤੇ। ਗੁਰੂਪਾਸੋਂ ਜੋ ਅੰਮ੍ਰਿਤ ਮਿਲਣਾ ਹੈ ਗੁਰੂਦੀ ਸੇਵਾ ਕਰਕੇ, ਉਨ੍ਹਾਂ ਨੂੰ ਛੱਡ ਕੇ ਬਿਖ (ਜ਼ਹਿਰ) ਖਾਂਦਾ ਫਿਰਦਾ ਹੈ। ਆਪਣੀ ਰਾਸ ਵੀ ਖੋਟੀ ਬਣਾਈ ਹੋਈ ਹੈ, ਇਸ ਭਲੇ-ਮਾਣਸ ਨੇ।

**ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥**

**ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥** (ਅੰਗ-246)

ਯਥਾ

**ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥**

**ਅੰਮ੍ਰਿਤ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥** (ਅੰਗ-586)

ਆਮ ਲੋਕਾਂ ਦਾ ਵਿਚਾਰ ਹੈ ਕਿ ਕੰਮ ਕਾਜ ਕਰਦੇ ਹੋਏ ਨਾਮ ਜਪਣਾ ਬੜਾ ਔਖਾ ਹੈ, ਮੁਮਕਿਨ ਨਹੀਂ। ਪਰ ਗੁਰੂ ਤੇ ਭਗਤ-ਜਨ ਇਸ ਨੂੰ ਸੰਭਵ ਆਖਦੇ ਹਨ। ਹਿੰਮਤ ਦੀ ਲੋੜ ਹੈ। ਸਤਿਗੁਰੂ ਦੀ ਬਖਸ਼ਿਸ ਦੀ ਗੱਲ ਹੈ।

ਇਨਸਾਨੀ ਮਨ ਇਕੋ ਸਮੇਂ ਤੇ ਕਈ ਕਈ ਕੰਮ ਕਰ ਸਕਦਾ ਹੈ। ਮੇਰਾ ਤਜੱਰਬਾ ਹੈ। ਡਾਕ ਤਾਰ ਵਿਭਾਗ ਵਿਚ ਨੌਕਰੀ ਕੀਤੀ, ਤਾਰ-ਬਾਬੂ ਦੇ ਤੌਰ ਤੇ ਕਈ ਸਾਲ ਕੰਮ ਕੀਤਾ। ਤੁਸੀਂ ਤਾਰ-ਸੰਚਾਰ ਕਰਨ ਦੀ ਪਹਿਲੀ ਟੈਕਨੀਕ ਦੇਖੀ ਹੋਵੇਗੀ। ਅਜ ਕੱਲ੍ਹ ਤਾਂ ਸਿਸਟਮ ਬਹੁਤ ਬਦਲ ਗਿਆ ਹੈ। ਪੁਰਾਣਾ ਸਿਸਟਮ ਜੋ ਸਿਗਨਲਾਂ ਦੇ ਜੋੜ ਤੋੜ ਦੇ ਆਧਾਰ ਤੇ ਚਲਦਾ ਹੈ, ਹਰ ਅੱਖਰ ਜਿਵੇ ਕਿ ਅ ਭ ਛ, ਇਸ ਦੇ ਵੱਖਰੇ ਸਿਗਨਲ ਹਨ ਅਤੇ ਅੱਖਰ ਦੇ ਸਿਗਨਲ ਵਿਚ ਵੱਖਰੇ ਵੱਖਰੇ ਹੋਰ ਛੋਟੇ ਸਿਗਨਲ, ਜਿਨ੍ਹਾਂ ਨਾਲ ਇਹ ਬਣਦੇ ਹਨ। ਹੱਥਾਂ ਨਾਲ ਇੰਸਟਰੂਮੈਂਟ ਤੇ ਇਹ ਅੱਖਰ ਇਕ ਸਟੇਸ਼ਨ ਤੇ ਕੱਢੇ ਜਾਂਦੇ ਹਨ ਤੇ ਦੂਜੇ ਸਟੇਸ਼ਨ ਤੇ ਪਹੁੰਚ ਕੇ ਤਾਰ-ਬਾਬੂ ਇਨ੍ਹਾਂ ਨੂੰ ਸਮਝ ਕੇ ਅ ਭ ਛ ਲਿਖਦਾ ਹੈ। ਕਈ ਬਾਰ ਜਦੋਂ ਜੋ ਸਿਗਨਲ ਆਉਂਦਾ ਹੈ ਉਸ ਨੂੰ ਨਾਲੋਂ ਨਾਲ Type writer ਉਤੇ Type ਵੀ ਕੀਤਾ ਜਾਂਦਾ ਹੈ। ਉਪਰੋਂ ਹੋਰ ਸਿਗਨਲ ਵੀ ਪਹੁੰਚ ਰਹੇ ਹੁੰਦੇ ਹਨ। Type ਵੀ ਕੀਤਾ ਜਾ ਰਿਹਾ ਹੁੰਦਾ ਹੈ।

ਦਾਸ ਇਸ ਕੰਮ ਦੇ ਨਾਲ ਨਾਲ ਸਿਮਰਨ ਦਾ ਅਭਿਆਸ ਵੀ ਜਾਰੀ ਰੱਖਦਾ। ਕਈ ਬਾਰ ਨਾਲ ਖੜੇ ਕਿਸੇ ਸੱਜਨ ਨਾਲ ਗੱਲ ਵੀ ਕਰ ਲਈਦੀ ਸੀ। ਇਸ ਤਰ੍ਹਾਂ ਦੇਖੋ ਕਿ ਇਕ ਦਿਮਾਗ ਨੇ, ਇਕ ਸੁਰਤ ਨੇ ਇਕੋ ਸਮੇਂ ਵਿਚ ਕਿੰਨੇ ਕੰਮ ਕੀਤੇ। ਕਈ ਕੰਮ ਤਾਂ ਅਜੇਹੇ ਹੁੰਦੇ ਹਨ ਕਿ ਦਿਮਾਗ ਨਾਲ ਕੁਝ ਸੋਚਣਾ ਹੀ ਨਹੀਂ ਹੁੰਦਾ ਤੇ ਹੱਥ ਪੈਰ ਕੰਮ ਕਰਦੇ ਰਹਿੰਦੇ ਹਨ। ਉਸ ਸਮੇਂ ਤਾਂ ਸਾਡੀ ਸੁਰਤ ਬਿਲਕੁਲ ਖਾਲੀ ਹੁੰਦੀ ਹੈ, ਪਰ ਕੁਝ ਨਾ ਕੁਝ ਸੋਚਦੀ ਜ਼ਰੂਰ ਰਹਿੰਦੀ ਹੈ, ਇਹ ਇਸ ਦਾ ਕੁਦਰਤੀ ਸੁਭਾਅ ਹੈ। ਕਿਉਂ ਨਾ ਉਸ ਅਵਸਥਾ ਨੂੰ ਅਸੀਂ ਨਾਮ ਜਪਣ 'ਚ ਇਸਤੇਮਾਲ ਕਰੀਏ। ਜਗਿਆਸੂ ਦਾ, ਅਭਿਆਸੀ ਜਨ ਦਾ, ਨਾਮ ਜਪਣ ਦਾ ਕੰਮ ਕਾਜ ਤਾਂ ਅੰਮ੍ਰਿਤ ਵੇਲੇ ਹੀ ਸ਼ੁਰੂ ਹੋ ਜਾਂਦਾ ਹੈ। ਬੱਸ ਫੇਰ ਸਾਰਾ ਦਿਨ :-

**ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥** (ਅੰਗ 157)

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੀਵ-ਆਤਮਾ ਰਾਮ ਨਾਲ ਵਾਪਾਰ ਕਰਨ ਵਾਲੀ ਵਨਜਾਰਨ ਹੈ ਅਤੇ ਜਿਸ ਵਸਤੂ ਦਾ ਵਾਪਾਰ ਕਰਨਾ ਹੈ, ਉਹ, ਵਾਹਿਗੁਰੂ ਦਾ 'ਨਾਮ' ਹੈ :-

**ਹਰਿ ਰਾਸਿ ਮੇਰੀ ਮਨੁ ਵਣਜਾਰਾ ॥**

**ਹਰਿ ਰਾਸਿ ਮੇਰੀ ਮਨੁ ਵਣਜਾਰਾ ॥**

**ਸਤਿਗੁਰ ਤੇ ਰਾਸਿ ਜਾਣੀ ॥**

**ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥**

**ਇਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥**

**ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥** (ਮ. 3, ਅਨੰਦ)

ਮੇਰੀ ਰਾਸ਼ੀ ਹਰਿ ਦੇ ਨਾਮ ਦੀ ਹੈ ਅਤੇ ਮੇਰਾ ਮਨ ਇਹ ਵਣਜ ਕਰਨ ਵਾਲਾ ਵਣਜਾਰਾ ਹੈ। ਇਹ ਰਾਸ਼ੀ ਮੈਨੂੰ ਸਤਿਗੁਰੂ ਤੋਂ ਮਿਲੀ ਹੈ। ਸੋ ਇਸ ਰਾਸ਼ੀ ਦੇ ਨਾਲ ਆਪਣੇ ਜੀਅ ਤੋਂ ਨਾਮ ਜਪ ਕੇ ਨਿਤ ਹੀ ਲਾਹਾ ਖੱਟਣਾ ਚਾਹੀਦਾ ਹੈ। ਇਹ ਧਨ ਰਾਸ਼ੀ ਕੇਵਲ ਉਸ ਨੂੰ ਹੀ ਮਿਲਦੀ ਹੈ ਜਿਸ ਤੇ ਵਾਹਿਗੁਰੂ ਆਪ ਕ੍ਰਿਪਾ ਕਰਦਾ ਹੈ। ਦੁਬਾਰਾ ਫੇਰ ਦ੍ਰਿੜ ਕਰਵਾਉਂਦੇ ਹਨ ਕਿ ਹੇ ਭਾਈ! ਮੇਰੀ ਧਨ ਰਾਸ਼ੀ ਕੇਵਲ ਵਾਹਿਗੁਰੂ ਦਾ ਨਾਮ ਹੈ ਅਤੇ ਮੇਰਾ ਮਨ ਇਹ ਨਾਮ ਜਪਣ ਵਾਲਾ ਵਣਜਾਰਾ ਹੈ।

-- ---

# ਮੇਰੇ ਘਰ ਦੀਆਂ ਸਿਫਤਾਂ

ਉਹ ਘਰ ਜੋ ਸਾਡਾ ਸਥਿਰ ਧਾਮ ਹੈ ਜਿਸ ਦੀ ਸੂਹ ਸਾਨੂੰ ਗੁਰਬਾਣੀ ਤੋਂ ਮਿਲਦੀ ਹੈ ਅਤੇ ਜਿਸ ਦਾ ਜ਼ਿਕਰ ਅਸੀਂ ਪਿਛਲੇ ਪੰਨਿਆਂ ਵਿਚ ਕਰ ਆਏ ਹਾਂ ਉਸ ਘਰ ਦੀਆਂ ਸਿਫਤਾਂ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਦੀ 27ਵੀਂ ਪਉੜੀ ਵਿਚ ਬਿਆਨ ਕਰਦੇ ਹਨ ਅਤੇ ਪੁਛਦੇ ਹਨ ਕਿ ਇਹੋ ਜਹੀਆਂ ਸਿਫਤਾਂ ਵਾਲਾ ਤੇਰਾ ਘਰ ਕਿਹੋ ਜਿਹਾ ਹੈ? :-

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**

ਇਸ ਸਾਰੀ ਪਉੜੀ ਵਿਚ ਉਸ ਘਰ ਦੀ ਵਡਿਆਈ ਹੈ ਜਿਥੇ ਅਕਾਲ ਪੁਰਖ ਨਿਵਾਸ ਰੱਖ ਕੇ ਸਾਰੇ ਸੰਸਾਰ ਦੀ ਪ੍ਰਿਤਪਾਲਣਾ ਕਰ ਰਿਹਾ ਹੈ। ਯਾਦ ਰੱਖੋ ! ਬਾਪੂ ਦੀ ਜਾਇਦਾਦ ਵਿਚ ਬਾਪੂ ਦੇ ਘਰ ਵਿਚ, ਪੁੱਤਰ ਦਾ ਹਿੱਸਾ ਕੁਦਰਤੀ ਤੌਰ ਤੇ ਹੈ। ਉਸ ਨੂੰ ਇਸ ਹੱਕ ਤੋਂ ਕੋਈ ਵਾਂਝਾ ਨਹੀਂ ਰੱਖ ਸਕਦਾ ਭਾਵੇਂ ਪੁੱਤਰ ਕਿੱਡਾ ਹੀ ਨਾਲਾਇਕ ਕਿਉਂ ਨਾ ਹੋਵੇ। ਹਾਂ ਜੇ ਬਾਪੂ ਹੀ ਉਸ ਨੂੰ ਬੇਦਖਲ ਕਰ ਦੇਵੇ ਤਾਂ ਵੱਖਰੀ ਗੱਲ ਹੈ, ਪਰ ਜੱਦੀ ਜਾਇਦਾਦ ਤੋਂ ਬਾਪੂ ਵੀ ਪੁੱਤ ਨੂੰ ਬੇਦਖਲ ਨਹੀਂ ਕਰ ਸਕਦਾ, ਐਸਾ ਕਾਨੂੰਨ ਹੈ। ਜਦੋਂ ਪੁੱਤ ਬਾਪੂ ਨੂੰ ਸਤਿਕਾਰ ਦੇਵੇ, ਪਿਆਰ ਕਰੇ, ਉਸ ਦੀ ਸੇਵਾ ਕਰੇ ਤਾਂ ਬੇਦਖਲੀ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ। ਸਾਡੀ ਤਾਂ ਬੜੀ ਪੁਰਾਣੀ, ਅਨਾਦਿ ਕਾਲ ਤੋਂ ਸਾਂਝ ਹੈ ਆਪਣੇ ਪਿਤਾ ਪ੍ਰਮੇਸ਼ਵਰ ਨਾਲ। ਉਸ ਨੂੰ ਯਾਦ ਕਰੀਏ, ਗੁਰੂ ਵਲੋਂ ਦਰਸਾਈ ਜੁਗਤ ਨੂੰ ਅਪਣਾ ਲਈਏ, ਉਸ ਦੀ ਸੇਵਾ ਕਰਦੇ ਰਹੀਏ ਫੇਰ ਅਸੀਂ ਉਸ ਘਰ ਦੇ ਪੱਕੇ ਬਾਸ਼ਿੰਦੇ ਬਣ ਸਕਦੇ ਹਾਂ।

ਉਹ ਕੈਸਾ ਹੈ? ਉਸ ਘਰ ਵਿਚ ਅਨੇਕ ਤਰ੍ਹਾਂ ਦੇ ਵਾਜੇ ਵੱਜਦੇ ਹਨ। ਬਾਜਿਆਂ ਨੂੰ ਵਜਾਉਣ ਵਾਲੇ ਅਨੇਕਾਂ ਨੇ ਉਥੇ ਆਸਨ ਲਾਇਆ ਹੋਇਆ ਹੈ। ਕਿੰਨੇ ਹੀ ਰਾਗੀ ਹਨ ਉੱਥੇ । ਉਸ ਦਰਬਾਰ ਵਿਚ ਪਾਉਣ, ਪਾਣੀ ਤੇ ਬੈਸੰਤਰ ਵੀ ਗਾਉਂਦੇ ਹਨ। ਉਸ ਦੀ ਸਿਫਤ ਸ਼ਲਾਘਾ ਕਰਦੇ ਹਨ। ਰਾਜੇ ਮਹਾਰਾਜੇ ਵੀ ਗਾਉਂਦੇ ਹਨ। ਧਰਮ ਰਾਜ ਚਿਤ੍ਰਗੁਪਤ ਦੇ ਲਿਖੇ ਹੋਏ ਦੀ ਜਾਂਚ ਕਰਦਾ ਹੈ। ਬ੍ਰਹਮਾਂ, ਵਿਸ਼ਨੂੰ ਅਤੇ ਸ਼ਿਵ ਜੀ ਵਰਗੇ ਅਨੇਕਾਂ ਕਹੇ ਜਾਂਦੇ ਹੋਰ ਦੇਵੀ ਦੇਵਤੇ ਉਸ ਦੇ ਗੁਣ ਗਾਉਣ 'ਚ ਰੁੱਝੇ ਹੋਏ ਹਨ, ਇੰਦਰ ਗਾਉਂਦਾ ਹੈ। ਸਾਧੂ, ਸਿੱਧ, ਜੋਧੇ, ਸਤਵਾਦੀ ਗਾਉਂਦੇ ਹਨ। ਅਨੇਕਾਂ ਹੀ ਖੰਡ ਬ੍ਰਹਮੰਡ ਹਨ ਜੋ ਵਾਹਿਗੁਰੂ ਦੇ ਸਹਾਰੇ ਖੜੇ ਹਨ, ਉਹ ਵੀ ਉਸ ਦਾ ਜੱਸ ਗਾਉਂਦੇ ਹਨ। ਸੁਰਗ ਦੀਆਂ ਇਸਤ੍ਰੀਆਂ, ਚਾਰ ਖਾਣੀਆਂ, ਅਠਸਠਿ ਤੀਰਥ, ਸਾਰੇ ਉਸ ਦੇ ਕੀਰਤਨ 'ਚ ਮਸਤ ਹਨ। ਉਥੇ ਰਹਿਣ ਵਾਲਾ ਵਾਹਿਗੁਰੂ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਗਾਉਣ ਵਾਲਿਆਂ ਦੀ ਗਿਣਤੀ ਨਹੀਂ ਕਰ ਸਕਦਾ ਕਿਉਂ ਜੋ ਉਹ ਬੇਗਿਣਤ ਹਨ। ਅਜਿਹਾ ਹੈ ਸਾਡੇ ਪਿਤਾ ਦਾ ਘਰ ਅਤੇ ਉਸ ਘਰ ਵਿਚ ਸਾਡਾ ਵੀ ਹਿੱਸਾ ਹੈ।

ਭਗਤ ਰਵਿਦਾਸ ਜੀ ਆਪਣੇ ਘਰ ਦੇ ਸ਼ਹਿਰ ਦੀ ਸਿਫਤ ਕਰਦੇ ਹੋਏ ਫੁਰਮਾਉਂਦੇ ਹਨ :-

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**

**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥**

**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥ ਰਹਾਉ ॥**

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥**

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**

**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥** (ਅੰਗ-345)

ਜਿਸ ਸ਼ਹਿਰ ਵਿਚ ਸਾਡਾ ਘਰ ਹੈ, ਉਸ ਸ਼ਹਿਰ ਦਾ ਨਾਂ ਬੇਗਮਪੁਰਾ ਹੈ। ਬੇ-ਗ਼ਮ ਅਥਵਾ ਫਿਕਰ ਚਿੰਤਾ ਤੋਂ ਰਹਿਤ ਹਨ, ਉਸ ਸ਼ਹਿਰ ਦੇ ਵਾਸੀ। ਉਸ ਸ਼ਹਿਰ ਵਿਚ ਕੋਈ ਨਜਾਇਜ਼ ਪੁੱਛਗਿੱਛ ਨਹੀਂ ਹੈ। ਕੋਈ ਪ੍ਰੇਸ਼ਾਨੀ ਘਬਰਾਹਟ ਨਹੀਂ ਹੈ। ਉਸ ਦੇ ਅੰਦਰ ਜਾਣ ਲਈ ਕੋਈ ਟੈਕਸ, ਚੁੰਗੀ ਨਹੀਂ ਲਗਦੀ। ਜਿਵੇਂ ਐਥੇ ਇਸ ਦੁਨਿਆਵੀ ਸ਼ਹਿਰਾਂ ਵਿਚ ਥਾਂ ਥਾਂ ਚੁੰਗੀਆਂ ਹਨ, ਬੈਰੀਅਰ ਹਨ ਪਰ ਉਥੇ ਐਸੀ ਕੋਈ ਨਾ-ਮਕੂਲ ਗੱਲ ਨਹੀਂ ਹੈ। ਕਿਸੇ ਕਿਸਮ ਦਾ ਕਿਸੇ ਨੂੰ ਕੋਈ ਡਰ ਭੈ ਨਹੀਂ ਹੈ। ਉਥੇ ਹਮੇਸ਼ਾ ਖੁਸ਼ੀ ਹੀ ਖੁਸ਼ੀ ਹੈ। ਗਮੀ ਦਾ ਨਾਮੋ-ਨਿਸ਼ਾਨ ਨਹੀਂ।

ਭਗਤ ਜੀ ਕਹਿੰਦੇ ਹਨ ਕਿ ਮੈਂ ਤਾਂ ਭਾਈ, ਅਜਿਹੇ ਸ਼ਹਿਰ ਦਾ ਵਾਸੀ ਹੋ ਗਿਆ ਹਾਂ ਜਿਸ ਥਾਂ ਤੇ ਕੋਈ ਗਰੀਬ ਅਮੀਰ ਨਹੀਂ ਹੈ। ਉਚ ਨੀਚਤਾ ਦਾ ਕੋਈ ਭੇਦ-ਭਾਵ ਨਹੀਂ। ਕੋਈ ਜ਼ਾਤ ਪਾਤ ਨਹੀਂ। ਪਹਿਲਾ, ਦੂਜਾ ਜਾਂ ਤੀਜਾ ਦਰਜਾ ਨਹੀਂ। ਉੱਥੇ ਸਭ ਇਕ ਸਮਾਨ ਹਨ। ਉਸ ਦੇਸ਼ ਦੀ ਪਾਤਸ਼ਾਹੀ ਸਦਾ ਇਕ ਰੰਗ ਹਿਕ ਰਸ ਪੱਕੀ ਰਹਿੰਦੀ ਹੈ। ਸਦਾ ਰਹਿਣ ਵਾਲੇ ਸੱਚੇ ਪਾਤਸ਼ਾਹ ਦੀ ਪਾਤਸ਼ਾਹੀ ਹੈ। 'ਆਇਆ ਰਾਮ' 'ਗਇਆ ਰਾਮ' ਨਹੀਂ ਬਣਿਆ ਰਹਿੰਦਾ। ਨਿੱਤ ਨਵੀਆਂ ਵਿਧਾਨ ਸਭਾਵਾਂ ਤੇ ਲੋਕ ਸਭਾਵਾਂ ਦਾ ਸੰਗਠਨ ਨਹੀਂ ਹੁੰਦਾ। ਇਹ ਪਾਤਸ਼ਾਹੀ ਬੜੀ ਮਸ਼ਹੂਰ ਹੈ। ਮਾਲਿਕ ਸਦਾ ਆਦਿ ਜੁਗਾਦਿ ਤੋਂ ਵੱਸਦਾ ਹੈ। ਜਿੱਧਰ ਕਿਧਰੇ ਤੁਹਾਡੀ ਮਰਜ਼ੀ ਕਰੇ ਤੁਸੀਂ ਸੈਰ ਕਰਨ ਜਾ ਸਕਦੇ ਹੋ। ਉਹ ਸਾਡੇ ਬਾਪੂ ਦਾ ਮਹਲ ਹੈ ਅਤੇ ਸਾਡਾ ਵੀ ਹੈ, ਫੇਰ ਰੁਕਾਵਟ ਕਾਹਦੀ? ਸੋ ਰਵਿਦਾਸ ਜੀ ਆਖਦੇ ਹਨ ਕਿ ਭਾਈ! ਸਾਨੂੰ ਐਸੇ ਸ਼ਹਿਰ ਦਾ ਵਾਸੀ ਬਣਨਾ ਚਾਹੀਦਾ ਹੈ ਤੇ ਸਾਡਾ ਤਾਂ ਦੋਸਤ ਵੀ ਉਹ ਹੀ ਹੈ ਜੋ ਇਸ ਸ਼ਹਿਰ ਦਾ ਵਾਸੀ ਬਣ ਗਿਆ ਹੋਵੇ।

ਹੋਰ ਦੇਖੋ ਇਹ ਘਰ ਅਬਿਚਲ ਹੈ। ਕਦੇ ਇਸ ਦਾ ਨਾਸ਼ ਨਹੀਂ ਹੁੰਦਾ, ਸਦਾ ਸਥਿਰ ਹੈ। ਉੱਥੇ ਨਾਮ ਦੇ ਰਸੀਏ ਵਸਦੇ ਹਨ :-

**ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥**

**ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥** (ਅੰਗ-783)

ਅਸੀਂ ਬੜੇ ਖੁਸ਼ ਹੁੰਦੇ ਹਾਂ, ਜਦੋਂ ਇਥੇ (ਦੁਨਿਆਵੀ) ਘਰ, ਮਕਾਨ, ਕੋਠਾ ਬਣਾਉਂਦੇ ਹਾਂ। ਆਪਣੀ ਵੁੱਕਤ ਅਨੁਸਾਰ ਵੱਧ ਤੋਂ ਵੱਧ ਇਸ ਦੀ ਸਜਾਵਟ ਕਰਦੇ ਹਾਂ। ਸੰਗਮਰਮਰ ਨਾਲ ਮੜ੍ਹਦੇ ਹਾਂ। ਮਹਿੰਗੀ ਤੋਂ ਮਹਿੰਗੀ, ਵਧੀਆਂ ਤੋਂ ਵਧੀਆ ਲੱਕੜਾਂ ਉਤੇ ਮੀਨਕਾਰੀ ਕਰਵਾ ਕੇ ਦਰਵਾਜੇ ਬਾਰੀਆਂ ਆਦਿ ਲਗਾਉਂਦੇ ਹਾਂ। ਅੰਤਾਂ ਦੀ ਖੁਸ਼ੀ ਮਨਾਉਂਦੇ ਹਾਂ। ਉਹ ਸਾਡੇ ਆਪਣੇ ਘਰ ਦੀ ਸਜਾਵਟ ਬਾਬਤ ਗੁਰੂ ਨਾਨਕ ਸਾਹਿਬ ਜੀ ਆਖਦੇ ਹਨ ਕਿ ਪ੍ਰਭੂ ਇਕ ਸੋਹਣਾਂ ਮੰਦਰ (ਮਹਲ) ਹੈ। ਉਸ ਵਿਚ ਬਹੁਤ ਹੀ ਸੁੰਦਰ ਹੀਰੇ, ਜਵਾਹਰਾਤ, ਲਾਲ, ਰਤਨ ਤੇ ਮੋਤੀ ਜੜੇ ਹੋਏ ਹਨ। ਸੰਗਮਰਮਰ ਤਾਂ ਬਹੁਤ ਪਿਛੇ ਦੀ ਗੱਲ ਹੈ:-

**ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥**

**ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥** (ਸ੍ਰੀ ਰਾਗ ਮ: 1, ਅੰਗ-17)

ਉਹ ਮਹਲ ਮੋਤੀ ਹੀਰਿਆਂ ਨਾਲ ਉਜਲਾ ਹੋਇਆ ਹੋਇਆ ਹੈ। ਉਸ ਘਰ ਦੇ ਦੁਆਲੇ ਸੋਨੇ ਦੇ ਕਿਲੇ ਹਨ, ਜੋ ਸਦਾ ਹੀ ਰਸ, ਸੁਆਦ ਤੇ ਖੁਸ਼ੀ ਪ੍ਰਦਾਨ ਕਰਦੇ ਹਨ।

ਜਦੋਂ ਜਗਿਆਸੂ ਆਪਣੀ ਬਿਰਤੀ, ਸੁਰਤਿ ਨੂੰ, ਬਾਹਰਲੇ ਸਰੀਰਕ ਨੌਂ ਦਰਵਾਜ਼ਿਆ ਤੋਂ ਹੋੜ ਕੇ ਦਸਵੇਂ ਦੁਆਰ ਵੱਲ ਜੋੜਦਾ ਹੈ ਤਾਂ ਉਸ ਨੂੰ ਆਪਣੇ ਘਰ ਵਿਚ ਵਾਸਾ ਮਿਲਦਾ ਹੈ। ਉਥੇ ਲਗਾਤਾਰ, ਦਿਨ ਰਾਤ, ਅੱਠੇ ਪਹਿਰ, ਨਿਰੰਤਰ ਅਖੰਡ ਕੀਰਤਨ ਹੋ ਰਿਹਾ ਸੁਣਦਾ ਹੈ। ਸ਼ਬਦ-ਕੀਰਤਨ ਵਿਚ ਜਗਿਆਸੂ ਮਗਨ ਰਹਿੰਦਾ ਹੈ। ਇਹ ਸਭ ਕੁਝ ਗੁਰੂ ਦੀ ਮੱਤ ਦੁਆਰਾ ਪਾਇਆ ਜਾਂਦਾ ਹੈ :-

**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥**

**ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ।** (ਮ: 4 ਅੰਗ 1308)

ਰਾਗ ਨਾਦ ਮਨੋਰੰਜਨ ਹੈ। ਪਰਚਾਵਾ ਹੈ। ਇਸ ਜੀਵਨ ਵਿਚ ਜਦੋਂ ਆਪਾਂ ਦਿਨ ਦੇ ਕਾਰੋਬਾਰ ਤੋਂ ਵਿਹਲੇ ਹੁੰਦੇ ਹਾਂ, ਸ਼ਾਮ ਨੂੰ ਥੱਕੇ ਟੁੱਟੇ ਹੁੰਦੇ ਹਾਂ। ਸਰੀਰਕ ਤੇ ਮਾਨਸਿਕ ਅਵਸਥਾਵਾਂ ਵਿਚੋਂ ਦੀ ਸਾਰਾ ਦਿਨ ਮਗਜ਼ ਖਪਾਈ ਕਰਦੇ ਕਰਦੇ ਜਦੋਂ ਸ਼ਾਮ ਨੂੰ ਥੱਕ ਟੁੱਟ ਜਾਂਦੇ ਹਾਂ ਤਾਂ ਰਾਤ ਵੇਲੇ ਕਿਸੇ ਮਨੋਰੰਜਨ ਦੁਆਰਾ ਆਪਣੇ ਆਪ ਨੂੰ ਸ਼ਾਂਤੀ ਦੇਣਾ ਚਾਹੁੰਦੇ ਹਾਂ। ਕੋਈ ਤਾਸ਼ ਖੇਡੇਗਾ ਕੋਈ ਸ਼ਰਾਬ ਦੀ ਢਾਣੀ ਵਿਚ ਬੈਠੇਗਾ ਕੋਈ ਕਲੱਬਾਂ ਨੂੰ ਦੌੜਦਾ ਹੈ ਅਤੇ ਕੋਈ ਸਿਨੇਮੇ ਵੱਲ ਭੱਜਦਾ ਹੈ। ਟੀ. ਵੀ. ਦੇ ਸਾਹਮਣੇ ਬੈਠਣਾ ਤਾਂ ਆਮ ਗੱਲ ਹੋ ਗਈ ਹੈ। ਇਹ ਸਭ ਕੁਝ ਕਿਸ ਲਈ ਹੈ? ਮਨ ਦੀ ਖੁਸ਼ੀ, ਸ਼ਾਂਤੀ ਲਈ। ਇਕ ਦੋ ਘੰਟੇ ਇਸ ਤਰ੍ਹਾਂ ਬਿਤਾਉਣ ਨਾਲ ਨੀਂਦ ਦੀ ਗੋਦੀ ਵਿਚ ਚਲੇ ਜਾਂਦੇ ਹਾਂ। ਬਸ ਸਵੇਰੇ ਮੁੜ ਕੇ ਫੇਰ ਉਹੋ ਹੀ ਰਾਮ ਰੌਲਾ। ਜਿਸ ਘਰ ਦੀ ਗੁਰਬਾਣੀ ਗੱਲ ਕਰਦੀ ਹੈ, ਉਥੇ ਕੁਝ ਸਮੇਂ ਲਈ ਨਹੀਂ ਬਲਕਿ ਚੌਵੀ ਘੰਟੇ, ਅੱਠੇ ਪਹਿਰ, ਬਾਰਾਂ ਮਹੀਨੇ, ਤੀਹ ਦਿਨ ਹੀ ਰਸੀਲਾ ਸੰਗੀਤ ਵੱਜਦਾ ਹੈ:-

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

**ਘਰਿ ਸਭਾਗੈ ਸਬਦ ਵਾਜੇ ॥ ਕਲਾ ਜਿਤੁ ਘਰਿ ਧਾਰੀਆ ॥** (ਅੰਗ-917)

ਉਥੇ ਮਨੋਰੰਜਨ ਲਈ ਸਦਾ ਵਾਜੇ ਤਾਂ ਵੱਜਦੇ ਹੀ ਹਨ ਮੌਤ ਦਾ ਵੀ ਕੋਈ ਡਰ ਭੈ ਨਹੀਂ ਹੈ। ਉਥੇ ਸਦਾ ਦਾ ਜੀਵਨ ਹੈ। ਹੋਰ ਬਹੁਤ ਸਾਰੀਆਂ ਸੋਹਣੀਆਂ ਵਸਤਾਂ ਦਾ ਭੰਡਾਰ ਹੈ। ਕਿਸੇ ਕਿਸਮ ਦੀ ਕੋਈ ਤੋਟ ਨਹੀਂ ਹੈ। ਅਨੇਕਾਂ ਖਜਾਨੇ ਉਥੇ ਭਰਪੂਰ ਭਰੇ ਪਏ ਹਨ। ਨੌਂ ਨਿਧੀਆਂ ਭਰਪੂਰ ਹਨ। ਨੌਂ ਨਿਧੀਆਂ ਕੀ ਹਨ :

**1. ਪਦਮ-ਪੁੱਤ, ਪੋਤੇ, ਵੱਡਾ ਪਰਿਵਾਰ, ਸੋਨਾ, ਚਾਂਦੀ ਆਦਿ 2. ਮਹਾਂ ਪਦਮ-ਹੀਰੇ ਜਵਾਹਰਾਤ, 3. ਸ਼ੰਖਾ-ਸੋਹਣੇ ਕਪੜੇ, 4. ਮਕਰ-ਸ਼ਸਤਰ ਵਿਦਿਆ, ਰਾਜ ਦਰਬਾਰ ਵਿਚ ਮਾਣ, 5. ਕਛਪ-ਅਨਾਜ ਚਾਣਾ ਫੱਕਾ ਆਦਿ, 6. ਮੁਕੰਦ - ਰਾਗ ਵਿਦਿਆ ਦੀ ਪ੍ਰਾਪਤੀ, 7. ਕੁੰਦ - ਵੱਡੀਆਂ ਪਦਵੀਆਂ, 8. ਨੀਲ - ਮੋਤੀ -ਮੂੰਗੇ, ਸਾਗਰਾਂ ਤੇ ਕਬਜ਼ਾ, 9. ਵਰਚ - ਬੇਅੰਤ ਦੌਲਤ।**

ਭਾਵ ਸਭ ਧਨ ਸੰਪਦਾ ਉੱਥੇ ਵੱਸਣ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਇਹ ਖਜ਼ਾਨੇ, ਤਾਕਤਾਂ ਹਨ ਇਹਨਾਂ ਤੋਂ ਬਾਹਰ ਹੋਰ ਸੰਪਦਾ ਨਹੀਂ :-

**ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥** (ਅੰਗ-781)

ਇਸ ਘਰ ਦੇ ਮਹਿਲ ਬੜੇ ਉੱਚੇ ਹਨ। ਜਿਸ ਵਿਚ ਭਗਤ ਜਨ ਵਸਦੇ ਹਨ :-

**ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥** (ਅੰਗ-739)

ਉੱਚੇ ਦੁਆਰੇ ਹਨ ਅਤੇ ਸੁੱਖ ਦੇਣ ਵਾਲੇ ਹਨ। ਸਹਜ ਅਨੰਦ ਦੇ ਭੰਡਾਰ ਹਨ। ਭਗਤ ਜਨ ਸਦਾ ਹੀ ਉਸ ਵਿਚ ਨਿਵਾਸ ਰੱਖ ਕੇ ਅਨੰਦ ਮਾਣਦੇ ਹਨ। ਅਜੇਹੇ ਆਪਣੇ ਘਰ ਬਾਬਤ ਸਾਨੂੰ ਜ਼ਰੂਰ ਹੀ ਸੋਚਣਾ ਚਾਹੀਦਾ ਹੈ। ਉਸ ਵੱਲ ਮੋੜਾ ਪਾਉਣਾ ਚਾਹੀਦਾ ਹੈ। ਗੁਰੁਸ਼ਬਦ ਨਾਲ ਜੁੜ ਕੇ ਹੀ ਅਸੀਂ ਆਪਣੇ ਘਰ ਅਪੜ ਸਕਦੇ ਹਾਂ। ਸਤਿਗੁਰੂਜੀ ਸਮਝਾਉਂਦੇ ਹਨ :-

**ਇਆਨੜੀਏ ਮਾਨੜਾ ਕਾਇ ਕਰੇਹਿ ॥**

**ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥**

**ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥** (ਤਿਲੰਗ ਮ: 1, ਅੰਗ-722)

ਐ ਭੋਲੀ ਅਣਜਾਣ ਜਿੰਦੇ, ਬੇ-ਸਮਝ ਜੀਵ ਰੂਪ ਇਸਤ੍ਰੀ, ਤੇਰਾ ਹੰਕਾਰ ਰੱਤਾ ਮਨ, ਕਿਉਂ ਹੰਕਾਰਿਆ ਫਿਰਦਾ ਹੈ? ਆਪਣੇ ਹਿਰਦੇ ਵਿਚ ਜਿਸ ਘਰ ਦੀ ਗੁਰਬਾਣੀ ਵਿਆਖਿਆ ਕਰਦੀ ਹੈ, ਉਸ ਦਾ ਅਨੰਦ ਕਿਉਂ ਨਹੀਂ ਮਾਣਦਾ? ਓ ਕਮਲਿਆ! ਬਉਰਿਆ!! ਉਹ ਘਰ ਦੂਰ ਵੀ ਨਹੀਂ। ਬਾਹਰ ਦੀਖੋਜ ਛੱਡ ਕੇ ਅੰਤਰਮੁਖੀ ਹੋ ਜਾ ਬਸ! ਪਤਾ ਨਹੀਂ ਤੇਰਾ ਦਿਲ ਅਜੇਹੇ ਘਰ ਨੂੰ ਜਾਣ ਲਈ ਕਿਉਂ ਨਹੀਂ ਕਰਦਾ? ਭੋਲਿਆ! ਤੂੰ ਐਸੇ ਘਰ ਨੂੰ ਨਾ ਵਿਸਾਰ। ਝੂਠੇ ਘਰਾਂ ਦੇ ਮਗਰ ਨਾ ਲੱਗ। ਅਨੰਦ ਭਵਨ ਦਾ ਰਸਤਾ ਅਪਣਾ ਲੈ।

ਉਸ ਘਰ ਜਿਹਾ ਹੋਰ ਕੋਈ ਥਾਂ ਟਿਕਾਣਾ ਨਹੀਂ ਹੈ। ਇਹ ਦੁਨਿਆਵੀ ਘਰ ਤਾਂ ਸਾਡੇ ਘਰ ਦਾ ਪਾਸਕੂਵੀ ਨਹੀਂ। ਇਹ ਸਾਡੇ ਸ਼ਹਿਰ ਬਿਲਕੁਲ ਹੀ ਨੀਵੇਂ ਦਰਜੇ ਦੇ ਹਨ। ਉਸ ਸ਼ਹਿਰ ਤੇ ਘਰ ਵਰਗੀ ਵਸਤੂ ਐਥੇ ਕੋਈ ਨਹੀਂ :-

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**

ਮਨੁੱਖ ਹਮੇਸ਼ਾ ਅੰਮ੍ਰਿਤ ਦੀ ਖੋਜ' ਚ ਫਿਰਦਾ ਹੈ। ਅਮਰ ਵਸਤੂ, ਰਸਦਾਇਕ, ਸੁਆਦਾਂ ਤੇ ਸਰੂਰ ਦੇਣ ਵਾਲੀ ਅਨੰਦਾਇਕ ਚੀਜ਼ ਦੀ ਭਾਲ ਵਿਚ ਹਮੇਸ਼ਾ ਰਹਿੰਦਾ ਹੈ ਪਰ ਇਸ ਦੀ ਤ੍ਰਿਸ਼ਨਾ ਨਹੀਂ ਬੁਝਦੀ। ਛਿਨ ਮਾਤਰ ਲਈ ਕਦੇ ਕੋਈ ਅਨੰਦ ਮਿਲ ਗਿਆ, ਨਹੀਂ ਤਾਂ ਅਤ੍ਰਿਪਤ ਹੀ ਰਹਿੰਦਾ ਹੈ। ਗੁਰੂਜੀ ਆਖਦੇ ਹਨ ਕਿ ਸੁੱਖ ਆਪਣੇ ਘਰ ਜਾਇਆਂ ਹੀ ਮਿਲਦਾ ਹੈ। ਦਸਵੇਂ ਦੁਆਰ ਵਿਚ ਅੰਮ੍ਰਿਤ ਚੋਂਦਾ ਹੈ। ਝਿਮ ਝਿਮ ਵਰਸਦਾ ਹੈ। ਪ੍ਰਗਟ ਰੂਪ ਵਿਚ ਸਤਿਗੁਰੂਅੰਮ੍ਰਿਤ ਦੀ ਧਾਰ ਬਖਸ਼ਦੇ ਹਨ। ਉੱਥੇ ਵਾਜਿਆਂ ਦਾ ਕੋਈ ਅੰਤ ਨਹੀਂ। ਨਿਰੰਤਰ ਰਸਦਾਇਕ ਸੰਗੀਤ ਹੋ ਰਿਹਾ ਹੈ। ਤੁਸੀਂ ਆਪਣੇ ਇਸ ਘਰ ਵਿਚ ਮੁਗਧ ਹੋ ਕੇ ਬੈਠ ਜਾਓਗੇ। ਨਿਸ਼ਚਿੰਤ ਹੋ ਜਾਓਗੇ। ਸ਼ਾਂਤੀ ਮਿਲ ਜਾਏਗੀ। ਤ੍ਰਿਸ਼ਨਾਵਾਂ ਸਭ ਪੂਰੀਆਂ ਹੋ ਕੇ ਮਿਟ ਜਾਣਗੀਆਂ :-

**ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥**

**ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥**

**ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ॥**

**ਸਹਜੇ ਸਹਜਿ ਸਮਾਈ ਹੇ ॥** (ਅੰਗ- 1069)

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਦਸਵੇਂ ਦੁਆਰ ਦੇ ਕੀ ਕਹਿਣੇ ਹਨ। ਇਸ ਦੇ ਸਮਾਨ ਕੋਈ ਹੋਰ ਘਰ (ਮਹਿਲ) ਨਹੀਂ ਹੈ, ਜਿਸ ਨਾਲ ਇਸ ਦੀ ਉਪਮਾ ਕੀਤੀ ਜਾਵੇ। ਉਹ ਆਪਣੇ ਆਪ ਵਿਚ 'ਆਪ' ਹੀ ਹੈ। ਜਦੋਂ ਗੁਰਮੁਖ ਹੁਣ ਕੇ ਇਸ ਸਥਾਨ ਨੂੰ ਪਾ ਲਿਆ ਜਾਂਦਾ ਹੈ ਤਾਂ ਹੋਰ ਕੋਈ ਘਰ ਚੰਗਾ ਨਹੀਂ ਲੱਗਦਾ। ਸਤਿਗੁਰੂ ਦੀ ਕ੍ਰਿਪਾ ਸਦਕਾ ਨਿਰੰਜਨੀ ਜੋਤ ਉਸ ਘਰ ਵਿਚ ਜਗਮਗਾਉਂਦੀ ਹੈ। ਐਸਾ ਸੰਗੀਤ ਉਥੇ ਵੱਜਦਾ ਹੈ ਜਿਸ ਦੀ ਬਰਾਬਰਤਾ ਦਾ ਹੋਰ ਕੋਈ ਰਾਗਨਾਦ ਇਸ ਦੁਨੀਆਂ ਵਿਚ ਨਹੀਂ। ਜਦੋਂ ਸਤਿਗੁਰੂ ਮਿਹਰ ਕਰਕੇ ਸੁਣਾਉਂਦਾ ਹੈ ਤਾਂ ਵਿਲ ਜੁੜ ਜਾਦੀ ਹੈ।, ਉਹ ਅੰਮ੍ਰਿਤ ਰਸ ਅਨੰਤ ਹੈ। ਨਿਰਤੰਤਰ ਝਰਗਦਾ ਹੈ, ਕਦੇ ਮੁਕਦਾ ਨਹੀਂ:-

**ਦਸਮ ਸਥਾਨ ਕੇ ਸਮਾਨ ਕਉਨ ਭਉਨ ਕਹੋਂ**

**ਗੁਰਮੁਖ ਪਾਵੈ ਸੋ ਤਉ ਅਨੰਤ ਨ ਪਾਵਈ ।**

**ਉਨਮਨੀ ਜੋਤਿ ਪਟੰਤਰ ਦੀਜੇ ਕਉਨ ਜੋਤਿ**

**ਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ ।**

**ਅਨਹਦ ਨਾਦ ਸਮਸ਼ਰ ਨਾਦ ਬਾਦ ਕਉਨ**

**ਸ਼੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ ।**

**ਨਿਝਰ ਅਪਾਰ ਧਾਰ ਤੁਲ ਨਾ ਅੰਮ੍ਰਿਤ ਰਸ**

**ਅਪਿਓ ਪੀਆਵੈ ਜਾਂਹਿ ਤਾਹੀ ਮੈਂ ਸਮਾਵਈ ।** (ਕਬਿੱਤ-2/10)

ਜਦੋਂ ਬੱਚਾ ਆਪਣੇ ਪਿਤਾ ਦੀ ਗੋਦੀ ਵਿਚ ਬੈਠ ਕੇ ਤੋਤਲੀਆਂ ਤੋਤਲੀਆਂ ਗੱਲਾਂ ਕਰਦਾ ਹੈ ਅਤੇ ਉਸ ਦਾ ਬਾਪੂ ਉਸ ਦੀਆਂ ਗੱਲਾਂ ਸੁਣ ਕੇ ਹੁੰਗਾਰਾ ਭਰਦਾ ਹੈ ਤਾਂ ਬੱਚੇ ਲਈ ਉਹ ਘੜੀ ਸਭ ਤੋਂ ਵੱਧ ਅਨੰਦਾਇਕ ਹੁੰਦੀ ਹੈ। ਜੀਵਾਤਮਾ ਜਦੋਂ ਪ੍ਰਭੂ ਪਿਤਾ ਨਾਲ ਮਿਲ ਕੇ ਇਕ ਘਰ 'ਚ ਰਹਿ ਕੇ ਖੁਸ਼ੀਆਂ ਮਾਣਦੀ ਹੈ :-

**ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥**

**ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥** (ਅੰਗ- 371)

ਉਸ ਘਰ ਦਾ ਅਨੰਦ ਸਥਾਈ ਹੈ, ਨਿਹਚਲ ਹੈ, ਅਬਿਨਾਸ਼ੀ ਹੈ। ਪ੍ਰਭੂ ਦੇ ਗੁਣਾਂ ਦਾ ਸਦਾ ਹੀ ਉਥੇ ਗਾਣ ਹੁੰਦਾ ਰਹਿੰਦਾ ਹੈ। ਸਾਡਾ ਉੱਥੇ ਸਦਾ ਲਈ ਵਾਸਾ ਹੋ ਜਾਂਦਾ ਹੈ। ਆਤਮਾ ਹਮੇਸ਼ਾਂ ਹੀ ਸਹਿਜ ਅਵਸਥਾ ਵਿਚ ਰਹਿਣ ਲੱਗ ਪੈਂਦੀ ਹੈ :-

**ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥**

**ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥** (ਅੰਗ-227)

ਆਪਾਂ ਹਰਿ ਰਸ ਵਿਚ ਰੱਤੇ ਜਾਂਦੇ ਹਾਂ ਅਤੇ ਸਦਾ ਸਦਾ ਆਨੰਤ ਭੋਗ ਨੂੰ ਭੋਗਦੇ ਹਾਂ ਅਤੇ ਹਮੇਸ਼ਾਂ ਹਮੇਸ਼ਾ ਲਈ ਉੱਥੇ ਦੇ ਬਣ ਜਾਂਦੇ ਹਾਂ :-

**ਸਹਜ ਸਿਫਤਿ ਭਗਤਿ ਤਤੁ ਗਿਆਨਾ ॥**

**ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥**

**ਤਹਾ ਸੰਗਤਿ ਸਾਧ ਗੁਣ ਰਸੈ ॥**

**ਅਨਭਉ ਨਗਰੁ ਤਹਾ ਸਦ ਵਸੈ ॥**

ਇਸ ਤਰ੍ਹਾਂ ਆਪਣੇ ਘਰ ਦੇ ਮਹਿਲ ਵਿਚ ਸਹਜੇ ਹੀ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਦਿੱਸਦੇ ਦੁਖਾਂ ਭਰੇ ਸੰਸਾਰ ਸਾਗਰ (ਭਵਸਾਗਰ) ਤੋਂ ਪਾਰ ਹੋ ਜਾਂਦੇ ਹਾਂ ਅਤੇ ਐਥੇ ਦਾ ਆਵਣ ਜਾਣਾ ਮੁੱਕ ਜਾਂਦਾ ਹੈ।

# ਮੇਰੇ ਘਰ ਦਾ ਰਸਤਾ

ਗੁਰਬਾਣੀ ਦਰਸਾਉਂਦੀ ਹੈ ਇਹ ਇੱਟਾਂ ਪੱਥਰਾਂ ਦੇ ਘਰ ਸਾਡੇ ਸਥਿਰ ਘਰ ਨਹੀਂ ਹਨ। ਸਾਡਾ ਸਥਿਰ ਘਰ ਤਾਂ ਸਾਡੇ ਇਸ ਸਰੀਰ ਦੀ ਗੁਫਾ ਦੇ ਅੰਦਰ ਸਥਿਤ ਹੈ। ਇਹ ਅਦ੍ਰਿਸ਼ਟ ਹੈ ਇਸ ਲਈ ਇਸ ਨੂੰ ਲੱਭਣ ਦੀ ਲੋੜ ਪੈਂਦੀ ਹੈ। ਇਹ ਅਥਾਹ ਤੇ ਅਸੀਮ ਗੁਣਾਂ ਵਾਲਾ ਘਰ ਹੈ ਜਿਸ ਦੀ ਸੋਝੀ ਸਾਨੂੰ ਸਰੀਰ ਰੂਪੀ ਕਿਲੇ ਦੇ ਅੰਦਰੋਂ ਹੀ ਹੁੰਦੀ ਹੈ :-

**ਕਾਇਆ ਨਗਰੁ ਨਗਰ ਗੜ ਅੰਦਰਿ ॥**

**ਸਾਚਾ ਵਾਸਾ ਪੁਰਿ ਗਗਨੰਦਰਿ ॥**

**ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥**

**ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥**

**ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥**

**ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥**

**ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥** (ਅੰਗ-1033)

ਸਾਫ ਜ਼ਾਹਿਰ ਹੈ ਕਿ ਇਹ ਸਰੀਰ ਸ਼ਹਿਰ ਦੀ ਨਿਆਈ ਹੈ ਅਤੇ ਉਸ ਸ਼ਹਿਰ ਵਿਚ ਕਿਲੇ ਹਨ। ਉਹ ਸਥਿਰ ਸਥਾਨ ਹੈ ਸਤਿ ਦੇ ਵੱਸਣ ਦਾ। ਇਸ ਕਿਲੇ ਵਿਚ ਸਾਰੇ ਹੱਟ ਬਾਜ਼ਾਰ ਵੀ ਸਸ਼ੋਭਤ ਹਨ ਪਰ ਇਸ ਕਿਲੇ ਦੇ ਦਰਵਾਜ਼ੇ ਬੜੇ ਸਖਤ ਹਨ। ਔਖੇ ਖੁਲ੍ਹਦੇ ਹਨ, ਜੇ ਖੁਲ੍ਹਦੇ ਹਨ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਖੁਲ੍ਹਦੇ ਹਨ।

ਇਸ ਘਰ ਨੂੰ ਪ੍ਰਾਪਤ ਕਰਨ ਦਾ, ਇਸ ਘਰ ਵਲ ਜਾਣ ਦਾ ਕਿਹੜਾ ਰਸਤਾ ਹੈ, ਕੀ ਢੰਗ ਹੈ ਉਥੇ ਪਹੁੰਚਣ ਦਾ? ਕਿਸੇ ਵੀ ਘਰ, ਪਿੰਡ, ਸ਼ਹਿਰ ਜਾਂ ਦੇਸ਼ ਜਾਣਾ ਹੋਵੇ ਤਾਂ ਆਖਿਰ ਕੋਈ ਨਾ ਕੋਈ ਰਾਹ ਤਾਂ ਅਪਨਾਉਣਾ ਹੀ ਪੈਂਦਾ ਹੈ। ਚੰਡੀਗੜ੍ਹ ਤੋਂ ਦਿੱਲੀ ਜਾਣਾ ਹੋਵੇ ਬੱਸ ਤੇ ਜਾਉਗੇ ਜਾਂ ਕਾਰ ਰਾਹੀਂ ਸਫਰ ਕਰੋਗੇ ਜਾਂ ਫੇਰ ਰੇਲਗੱਡੀ ਤੇ ਚੜ੍ਹੋਗੇ ਜਾਂ ਜਹਾਜ਼ ਰਾਹੀਂ ਦਿੱਲੀ ਅੱਪੜ ਸਕਦੇ ਹਾਂ। ਕੋਈ ਹੋਰ ਸੁਆਰੀ ਵੀ ਹੋ ਸਕਦੀ ਹੈ ਪਰ ਸੁਆਰੀ ਦੀ ਅਤਿਅੰਤ ਜ਼ਰੂਰਤ ਹੈ, ਇਸ ਆਪਣੇ ਘਰ ਵਲ ਜਾਣ ਲਈ ਵੀ ਕਿਸੇ ਜੁਗਤ ਦੀ ਲੋੜ ਹੈ। ਜੁਗਤ ਅਪਨਾਉਂਦੇ ਹੋਏ ਜੀਵਨ ਕਿਸੇ ਨਿਯਮਾਂ ਦੇ ਅਧੀਨ ਜੀਉਣਾ ਪਵੇਗਾ। ਆਪਣੇ ਖਾਣ-ਪੀਣ, ਉਠਣ-ਬੈਠਣ, ਸੌਣ-ਜਾਗਣ, ਕਾਰ-ਵਿਹਾਰ, ਆਚਾਰ-ਵਿਵਹਾਰ, ਬੋਲਣ-ਚੱਲਣ ਨੂੰ ਕਿਸੇ ਨਿਯੰਤ੍ਰਣ ਵਿਚ ਕਰਕੇ ਸੰਜਮ ਵਿਚ ਵਰਤਦੇ ਹੋਏ ਚਲਣਾ ਪਊ। ਇਹ ਜੀਵਨ ਜੁਗਤੀ ਸਾਨੂੰ ਗੁਰਬਾਣੀ ਤੋਂ ਸਿਵਾ ਕਿਸੇ ਹੋਰ ਪਾਸੋਂ ਨਹੀਂ ਮਿਲ ਸਕਦੀ, ਗੁਰਬਾਣੀ ਤੋਂ ਹੀ ਪ੍ਰਾਪਤ ਕਰਨੀ ਹੋਵੇਗੀ। ਹੋਰ ਪੰਥ, ਰਸਤੇ, ਧਾਰਮਿਕ ਰੀਤਾਂ ਸਾਨੂੰ ਮਨ ਕਾਬੂ ਕਰਨ ਲਈ ਸੰਨਿਆਸ, ਤੀਰਥਾਂ ਦਾ ਭਰਮਣਾ, ਨੇਮ, ਬਰਤ, ਧਾਰਮਿਕ ਪੁਸਤਕਾਂ ਦੇ ਪਾਠ, ਸਰੀਰਕ ਕਸ਼ਟ ਸਹਿਣ, ਮੋਨ ਰੱਖਣ ਆਦਿ ਸਿਖਾਉਂਦੇ ਹਨ, ਪਰ ਮਨ ਰਸਤੇ ਤੇ ਨਹੀਂ ਚਲਦਾ, ਕਾਬੂ ਨਹੀਂ ਆਉਂਦਾ ਕਿਉਂ ਜੁ ਇਹ ਬੜਾ ਚੰਚਲ ਤੇ ਕਠੋਰ ਹੈ। ਪ੍ਰਭੂ ਦੇ ਰਸਤੇ ਤੇ ਚੱਲਣ ਜਾਂ ਆਪਣੇ ਘਰ ਜਾਣ ਲਈ ਸਾਨੂੰ ਸਭ ਤੋਂ ਪਹਿਲੇ ਮਨ ਉੱਤੇ ਕਾਬੂ ਪਾਉਣ ਦੀ ਲੋੜ ਹੈ ਕਿਉਂਕਿ ਇਸ ਰਸਤੇ ਨੂੰ ਅਖਤਿਆਰ ਕਰਨ ਵਿਚ ਮਨ ਸਾਡੀ ਬੜੀ ਵਿਰੋਧਤਾ ਕਰਦਾ ਹੈ:-

**ਚੰਚਲੁ ਚੀਤੁ ਨ ਰਹਈ ਠਾਇ ॥**

**ਚੋਰੀ ਮਿਰਗੁ ਅੰਗੂਰੀ ਖਾਇ ॥**

**ਚਰਨ ਕਮਲ ਉਰ ਧਾਰੇ ਚੀਤ ॥**

**ਚਿਰੁ ਜੀਵਨੁ ਚੇਤਨੁ ਨਿਤ ਨੀਤ ॥**

**ਚਿੰਤਤ ਹੀ ਦੀਸੈ ਸਭੁ ਕੋਇ ॥**

**ਚੇਤਹਿ ਏਕੁ ਤਹੀ ਸੁਖੁ ਹੋਇ ॥**

**ਚਿਤਿ ਵਸੈ ਰਾਚੈ ਹਰਿ ਨਾਇ ॥**

**ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥** (ਅੰਗ-932)

ਮਨ ਐਸਾ ਹੈ ਕਿ ਇਹ ਟਿਕ ਕੇ ਇਕ ਥਾਂ ਨਹੀਂ ਬੈਠਦਾ। ਜੇਕਰ ਅਸੀਂ ਇਸਦਾ ਮੁੱਖ ਨਿਜ ਘਰ ਵਲ ਮੋੜਦੇ ਹਾਂ ਤੇ ਇਹ ਚੋਰੀ ਚੋਰੀ ਉਧਰੋਂ ਹੱਟ ਕੇ ਵਿਸ਼ੇ ਵਿਕਾਰਾਂ ਨੂੰ ਲੱਭਦਾ ਹੈ ਅਤੇ ਮਲੋ ਮੱਲੀ ਉਹਨਾਂ ਵਿਚ ਖੱਚਤ ਹੋ ਜਾਂਦਾ ਹੈ। ਇਸ ਸੰਸਾਰ ਵਿਚ ਹਰੇਕ ਇਨਸਾਨ ਕਿਸੇ ਨਾ ਕਿਸੇ ਚਿੰਤਾ ਵਿਚ ਹੈ। ਇਹ ਚਿੰਤਾਵਾਂ ਤਾਂ ਤਦ ਹੀ ਮੁਕਦੀਆਂ ਹਨ ਜਦੋਂ ਮਨ ਵਿਚ ਪ੍ਰਭੂ ਦਾ ਚਿੰਤਨ ਕਰੀਏ। ਚਿੰਤਾ ਨੂੰ ਚਿੰਤਨ ਵਿੱਚ ਬਦਲ ਦੇਈਏ। ਚਿੰਤਨ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਪਣੇ ਘਰ ਵਿਚ ਵਾਸਾ ਹੁੰਦਾ ਹੈ। ਪਰ ਵਾਹਿਗੁਰੂ ਵੱਲੋਂ ਪੈਦਾ ਕੀਤੀ ਹੋਈ ਮਾਇਆ ਨੇ ਸਭ ਨੂੰ ਭਰਮਾਇਆ ਹੋਇਆ ਹੈ :-

**ਧੁਰ ਕੀ ਭੇਜੀ ਆਈ ਆਮਰਿ ॥**

**ਨਉ ਖੰਡ ਜੀਤੇ ਸਭਿ ਥਾਨ ਥਨੰਤਰ ॥**

**ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥**

**ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥**

**ਜਹ ਬੈਸਉ ਤਹ ਨਾਲੇ ਬੈਸੈ ॥**

**ਸਗਲ ਭਵਲ ਮਹਿ ਸਬਲ ਪ੍ਰਵੇਸੈ ॥** (ਅੰਗ-371)

ਮਾਇਆ ਦਾ ਪ੍ਰਭਾਵ ਸ੍ਰਿਸ਼ਟੀ ਦੇ ਚਾਰੇ ਪਾਸੇ ਹੀ ਫੈਲਿਆ ਹੋਇਆ ਹੈ। ਮਾਇਆ ਕਾਰਨ ਭੈੜੀਆਂ ਬ੍ਰਿਤੀਆਂ ਇਨਸਾਨ ਦਾ ਪਿੱਛਾ ਕਿਸੇ ਥਾਂ ਤੇ ਵੀ ਨਹੀਂ ਛਡਦੀਆਂ। ਮਾਇਆ ਹੈ ਤਾਂ ਮਨੁੱਖ ਦੀ ਸੇਵਾ ਲਈ ਸੀ ਪਰ ਇਸ ਨੇ ਸਾਰੇ ਥਾਵਾਂ ਨੂੰ ਜਿੱਤ ਲਿਆ ਹੈ। ਤੀਰਥ ਦਰਿਆਵਾਂ ਦੇ ਕਿਨਾਰੇ ਅਤੇ ਜੋਗ ਤੇ ਸੰਨਿਆਸ ਦੇ ਆਸ਼ਰਮ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ। ਇਹ ਮੰਦਵਾਸ਼ਨਾਵਾਂ ਜਿੱਥੇ ਵੀ ਮੈਂ ਜਾਂਦਾ ਹਾਂ, ਜਾ ਕੇ ਬਹਿੰਦਾ ਹਾਂ, ਉੱਥੇ ਹੀ ਮੇਰੇ ਨਾਲ ਜਾ ਬਹਿੰਦੀਆਂ ਹਨ, ਮੇਰਾ ਪਿੱਛਾ ਨਹੀਂ ਛੱਡਦੀਆਂ। ਇਹ ਸਭ ਮਨ ਦੀਆਂ ਹੀ ਚਾਲਾਂ ਹਨ। ਜੋ ਰਸਤਾ ਮਨ ਨੂੰ ਅਪਣਾਉਣਾ ਚਾਹੀਦਾ ਹੈ, ਉਸ ਨੂੰ ਤਾਂ ਅਪਣਾਉਂਦਾ ਨਹੀਂ ਔਝੜਾਂ ਵਿਚ ਫਿਰਦਾ ਹੈ।

ਮਨ ਤਾ ਇਸ ਗੱਲ ਤੇ ਵਿਸ਼ਵਾਸ ਕਰਦਾ ਹੈ ਕਿ 'ਇਹ ਜਗ ਮਿੱਠਾ, ਅਗਲਾ ਕਿਨ ਡਿੱਠਾ'। ਦਿੱਸਦੇ ਤੇ ਵਿਸ਼ਵਾਸ ਕਰਦਾ ਹੈ, ਅਦ੍ਰਿਸ਼ਟ ਵਾਹਿਗੁਰੂ ਜੀ ਨੂੰ ਨਹੀਂ ਸਮਝਦਾ। ਇਹ ਕਹਿੰਦਾ ਹੈ ਕਿ ਜੋ ਤੈਨੂੰ ਨਜ਼ਰ ਆ ਰਿਹਾ ਹੈ ਇਸੀ ਵਿਚ ਚੱਕਰ ਖਾਈ ਜਾ। ਲਿਬੜਿਆ ਰਹੁ, ਇੰਦ੍ਰੀਆਂ ਦੇ ਰਸ ਵਿਚ ਅਤੇ ਮੋਹ ਮਾਇਆ ਦੇ ਸੁਆਦ ਵਿਚ। ਸੀਲ ਸੰਜਮ ਦੇ ਨੇੜੇ ਨਹੀਂ ਖਲੋਣ ਦਿੰਦਾ। ਕਈ ਤਰ੍ਹਾਂ ਦੇ ਭਰਮ ਭੁਲੇਖੇ ਪਾ ਕੇ ਮੈਨੂੰ ਭੁਲਾਈ ਫਿਰਦਾ ਹੈ। ਮੇਰੇ ਆਪਣੇ ਘਰ ਵਿਚ ਮੇਰਾ ਵਾਸਾ ਨਹੀਂ ਹੋਣ ਦਿੰਦਾ :-

**ਵੇਸ ਕਰੇ ਬਹੁ ਰੂਪ ਦਖਾਵੈ ॥**

**ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥** (ਅੰਗ-371)

ਤਰ੍ਹਾਂ ਤਰ੍ਹਾਂ ਦੇ ਮਾਇਆ ਦੇ ਰੂਪ ਦਿਖਾ ਦੇ ਮੈਨੂੰ ਭਰਮਾਉਂਦਾ ਹੈ। ਆਪਣੇ ਘਰ ਵਿਚ ਮੈਨੂੰ ਵਾਸਾ ਕਰਨਾ ਤਾਂ ਇਕ ਪਾਸੇ ਰਿਹਾ ਓਧਰ ਮੂੰਹ ਵੀ ਨਹੀਂ ਕਰਨ ਦਿੰਦਾ। ਜੇਕਰ ਦੋ ਘੜੀਆਂ ਕਿਤੇ ਸਤਿ ਸੰਗਤ ਵਿਚ ਜਾ ਬੈਠਦਾ ਹਾਂ ਤਾਂ ਉਥੇ ਵੀ ਨਿਚੱਲਾ ਹੋ ਕੇ ਨਹੀਂ ਬੈਠਦਾ। ਸਤਿਗੁਰੂ ਦੀ ਗੱਲ ਸੁਣਨ ਦੀ ਥਾਂ ਗੁਰੂ ਅੱਗੇ ਆਪਣੇ ਹੀ ਰੋਣੇ ਧੋਣੇ ਧੋਂਦਾ ਰਹਿੰਦਾ ਹੈ। ਕੀਰਤਨ ਸੁਣਨ ਦੀ ਥਾਂ ਬੈਠੀ ਸੰਗਤ ਵਲ ਹੀ ਝਾਕੀ ਜਾਵੇਗਾ। ਮਨੁੱਖਾਂ ਤੇ ਇਸਤਰੀਆਂ ਦੇ ਰੰਗ ਰੂਪ, ਕਪੜਿਆਂ ਦੀ ਸੁੰਦਰਤਾ ਨੂੰ ਹੀ ਪਰਖਦਾ ਰਹੇਗਾ ਜਾਂ ਫੇਰ ਕੀਤਰਨੀਆਂ ਅਤੇ ਪ੍ਰੋਗਰਾਮ ਦੇ ਪ੍ਰਬੰਧਕਾਂ ਬਾਬਤ ਹੀ ਸੋਚਦਾ ਰਹੇਗਾ। ਤੱਤ ਵਸਤੂ ਜੋ ਸਾਨੂੰ ਆਪਣੇ ਘਰ ਵਲ ਲੈ ਜਾਂਦੀ ਹੈ, ਉਸ ਦਾ ਉਥੇ ਸਤਿ ਸੰਗਤ ਵਿਚ ਬੈਠ ਕੇ ਧਿਆਨ ਨਹੀਂ ਕਰਦਾ। ਕਿਸੇ ਨੂੰ ਆਪਣੇ ਮਨ ਹੀ ਮਨ ਵਿਚ ਚੰਗਾ ਕਹੇਗਾ, ਕਿਸੇ ਨੂੰ ਮੰਦਾ ਕਹੇਗਾ। ਬੈਠਾ ਬੈਠਾ ਸੌ ਸੌ ਨੁਕਸ ਕੱਢਦਾ ਰਹੇਗਾ। ਕੋਰੇ ਦਾ ਕੋਰਾ ਸਤਿਸੰਗ ਵਿਚੋਂ ਮੁੜ ਆਉਂਦਾ ਹੈ, ਬਲਕਿ ਕਈ ਬਾਰ ਤਾਂ ਪਾਪਾਂ ਦੀ ਹੋਰ ਮੈਲ ਆਪਣੇ ਤੇ ਚੜ੍ਹਾ ਲਿਆਉਂਦਾ ਹੈ। ਮੈਲ ਉਤਾਰਨ ਦੀ ਥਾਂ ਹੋਰ ਕਾਲਾ ਹੋ ਕੇ ਪਰਤਦਾ ਹੈ।

ਜਗਿਆਸੂ, ਜੀਵ-ਆਤਮਾ ਕੁਰਲਾਉਂਦੀ ਹੈ, ਅਜੇਹੀ ਹਾਲਤ ਵਿਚ ਅਤੇ ਸੋਚਦੀ ਹੈ, ਹਾਇ! ਮੈਂ ਕੀ ਕਰਾਂ! ਇਹ ਕੁੱਤਾ ਮਨ ਭਉਂ ਭਉਂ ਕਰਨੋਂ ਨਹੀਂ ਹੱਟਦਾ। ਜਦੋਂ ਵੀ ਮੈਂ ਆਪਣੇ ਘਰ ਵੱਲ ਕਦਮ ਪੁੱਟਦੀ ਹਾਂ, ਉਦੋਂ ਹੀ ਭਉਂਕਣਾ ਸ਼ੁਰੂ ਕਰ ਦਿੰਦਾ ਹੈ। ਘਰ ਦੇ

ਦਰਵਾਜੇ ਤਕ ਵੀ ਅਫੜਨ ਨਹੀਂ ਦਿੰਦਾ, ਬਾਹਰ ਹੀ ਬਾਹਰ ਦੂਰ ਦੂਰ ਹੀ ਰੋਕੀ ਰੱਖਦਾ ਹੈ। ਇਸ ਦੀਆਂ ਭੈੜੀਆਂ ਵਾਦੀਆਂ ਘਰ ਦੀਆਂ ਮਾਲਕਿਨਾਂ ਬਣ ਬੈਠੀਆਂ ਹਨ। ਫੇਰ ਕੀਤਾ ਜੀ ਜਾਵੇ? ਕੂਕ ਨਿਕਲਦੀ ਹੈ :-

**ਹੋਛੀ ਸਰਣਿ ਪਇਆ ਰਹਣੁ ਨ ਪਾਈ ॥**

**ਕਹੁ ਮੀਤਾ ਹਉ ਕੈ ਪਹਿ ਜਾਈ ॥**

ਮੈਂ ਕਿਧਰ ਨੂੰ ਜਾਵਾਂ? ਕੀਹਦੇ ਕੋਲ ਜਾਵਾਂ, ਜਿਥੇ ਮੇਰੇ ਮਨ ਨੂੰ ਪੈਖੜ ਪੈ ਜਾਣ? ਮਨ ਨਿਚੱਲਾ ਹੋ ਕੇ ਬੈਠ ਜਾਵੇ। ਕਿਸੇ ਸਤਿਸੰਗੀ ਕੋਲੋਂ ਸਤਿਗੁਰੂ ਦੀ ਗੱਲ ਸੁਣਕੇ ਜੀਵ ਸਤਿਗੁਰੂ ਦੀ ਸ਼ਰਣ ਵਿਚ ਆਉਂਦਾ ਹੈ ਅਤੇ ਸਤਿਗੁਰੂ ਉਸ ਨੂੰ ਪ੍ਰਭੂ ਦੇ ਨਾਮ ਸਿਮਰਨ ਲਈ ਗੁਰ ਮੰਤਰ ਦਿੰਦੇ ਹਨ ਜਿਸ ਨਾਲ ਸਤਿਗੁਰੂ ਦੀ ਕ੍ਰਿਪਾ ਸਦਕਾ ਫੇਰ ਜੀਵ-ਆਤਮਾ ਆਪਣੇ ਨਿੱਜ ਘਰ ਵਿਚ ਵਾਸਾ ਕਰਦੀ ਹੈ:-

**ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥**

**ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥**

**ਨਿਜ ਘਰਿ ਵਸਿਆ ਗੁਣ ਗਾਇ ਅਨੰਦਾ ॥**

**ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥** (ਅੰਗ-371)

ਸਤਿਗੁਰੂ ਦੀ ਕ੍ਰਿਪਾ ਤੋਂ ਬਗੈਰ, ਉਸ ਦੇ ਸ਼ਬਦ ਤੋਂ ਬਗੈਰ ਰਸਤਾ ਹੋਰ ਕੋਈ ਨਹੀਂ। ਜੇਕਰ ਹੋਰ ਪਾਸੇ ਤੁਰ ਵੀ ਪੈਣ ਤਾਂ ਸ਼ਬਦ ਤੋਂ ਬਿਨਾਂ ਅੰਧੇਰਾ ਹੀ ਅੰਧੇਰਾ ਰਹੇਗਾ। ਸਾਡੇ ਘਰ ਦੇ ਦਰਵਾਜੇ ਦੀ ਕੁੰਜੀ ਹੋਰ ਕਿਸੇ ਪਾਸ ਨਹੀਂ ਹੈ। ਗੁਰਬਾਣੀ ਵਾਕ ਹੈ:-

**ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥**

**ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ॥**

**ਗੁਰੁ ਪੂਰੈ ਭਾਗਿ ਮਿਲਾਵਣਿਆ ॥** (ਅੰਗ-124)

ਅਤੇ :- ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (ਅੰਗ-1237)

ਘਰ ਬੰਦ ਕਰੀਦਾ ਹੈ, ਤਾਂ ਤਾਲਾ ਲਾਉਣਾ ਪੈਂਦਾ ਹੈ। ਬੰਦ ਘਰ ਨੂੰ ਜਦੋਂ ਮੁੜ ਕੇ ਖੋਲ੍ਹਦਾ ਹੈ ਤਾਂ ਚਾਬੀ (ਕੁੰਜੀ) ਬਗੈਰ ਘਰ ਵਿਚ ਪ੍ਰਵੇਸ਼ ਨਹੀਂ ਕੀਤਾ ਜਾ ਸਕਦਾ। ਜਿਸ ਦੀ ਅਸੀਂ ਗੱਲ ਕਰ ਰਹੇ ਹਾਂ, ਇਸ ਦੀ ਚਾਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸ ਹੈ। ਇਸ ਨੂੰ ਸ਼ਬਦ (ਗੁਰ-ਮੰਤ੍ਰ) ਦੀ ਕੁੰਜੀ ਆਖਦੇ ਹਨ। ਇਹ ਤਾਲਾ ਸ਼ਬਦ ਦੀ ਕੁੰਜੀ ਲਗਾਏ ਬਗੈਰ ਨਹੀਂ ਖੁਲ੍ਹਦਾ, ਸਾਡੇ ਚੰਗੇ ਭਾਗ ਹੋਣ ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦ-ਕੁੰਜੀ ਦੀ ਵਰਤੋਂ ਕਰੀਏ। ਗੁਰੂ ਸਾਹਿਬ ਉੱਗਲੀ ਫੜ ਕੇ ਅੱਗੇ ਅੱਗੇ ਤੁਰ ਪੈਣਗੇ। ਗੁਰੂ ਤੇ ਟੇਕ ਰੱਖਣੀ ਹੈ। ਕ੍ਰਿਪਾ ਦੇ ਪਾਤਰ ਬਣਨਾ ਹੈ। ਹਮੇਸ਼ਾ 'ਗੁਰਪ੍ਰਸਾਦਿ' (ਗੁਰੂ ਦੀ ਕ੍ਰਿਪਾ ਦੁਆਰਾ) ਨੂੰ ਯਾਦ ਰੱਖਣਾ ਹੈ। ਗੁਰੂ ਤੋਂ ਬਗੈਰ ਹੋਰ ਜੋ ਮਰਜੀ ਕਰਦੇ ਫਿਰੀਏ ਦਰਵਾਜਾ ਨਹੀਂ ਖੁਲ੍ਹ ਸਕਦਾ।

**ਨ ਭੀਜੈ ਰਾਗੀ ਨਾਦੀ ਬੇਦਿ ॥**

**ਨ ਭੀਜੈ ਸੁਰਤੀ ਗਿਆਨੀ ਜੋਗਿ ॥**

**ਨ ਭੀਜੈ ਸੋਗੀ ਕੀਤੈ ਰੋਜਿ ॥**

**ਨ ਭੀਜੈ ਰੂਪੀ ਮਾਲੀ ਰੰਗਿ**

**ਨ ਭੀਜੈ ਤੀਰਥਿ ਭਵਿਐ ਨੰਗਿ ॥**

**ਨ ਭੀਜੈ ਦਾਤੀ ਕੀਤੈ ਪੁੰਨਿ ॥**

**ਨ ਭੀਜੈ ਬਾਹਰਿ ਬੈਠਿਆ ਸੁੰਨਿ ॥**

**ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥**

**ਨ ਭੀਜੈ ਕੇਤੇ ਹੋਵਹਿ ਧੂੜ ॥**

**ਲੇਖਾ ਲਿਖੀਐ ਮਨ ਕੈ ਭਾਇ ॥**

**ਨਾਨਕ ਭੀਜੈ ਸਾਚੈ ਨਾਇ ॥** (ਅੰਗ-1237)

ਖਾਲੀ ਰਾਗ ਤੇ ਖਾਲੀ ਨਾਦ ਨਾਲ, ਖਾਲੀ ਸੁਰਤ ਜੋੜਨ ਨਾਲ ਤੇ ਖਾਲੀ ਗਿਆਨ ਜਾਂ ਜੋਗ ਨਾਲ, ਭਾਵੇਂ ਹਰ ਰੋਜ਼ ਸੋਗ ਕਰਦੇ ਫਿਰੀਏ, ਬੇਸ਼ਕ ਚੰਗਾ ਰੰਗ ਰੂਪ ਹੋਵੇ, ਮਾਲ ਧੰਨ ਬਹੁਤ ਹੋਵੇ, ਤੀਰਥਾਂ ਤੇ ਨੰਗੇ ਫਿਰਨ ਨਾਲ, ਦਾਨ ਪੁੰਨ ਕਰਦੇ ਫਿਰੀਏ। ਸੁੰਨ ਅਵਸਥਾ ਤੇ ਬਾਹਿਰ ਬੈਠੇ ਰਹੀਏ, ਸੂਰਮਿਆਂ ਨਾਲ ਭੇੜ ਕਰੀਏ, ਸਭ ਦੀ ਧੂੜ ਬਣ ਜਾਈਏ, ਕੋਈ ਕੰਮ ਨਹੀਂ ਸਰੇਗਾ, ਗੁਰ-ਪ੍ਰਮੇਸ਼ਰ ਖੁਸ਼ ਨਹੀਂ ਹੋਣਗੇ, ਦਰਵਾਜ਼ਾ ਨਹੀਂ ਖੁਲ੍ਹੇਗਾ। ਗੁਰੂ ਤਾਂ ਰੀਝਣਗੇ ਸਤਿਨਾਮ ਨਾਲ ਜੁੜਨ ਕਰਕੇ। ਜੁੜਨਾ ਵੀ ਇਸ ਤਰ੍ਹਾਂ ਹੈ ਕਿ ਕੇਵਲ ਰਸਨਾ ਹੀ ਨਾ ਬੋਲਦੀ ਰਹੇ, ਬਲਕਿ ਅੰਤਰ ਆਤਮੇ ਵਿਚ ਵਾਹਿਗੁਰੂ ਬੋਲਣ ਦਾ ਅਸਰ ਹੋਵੇ ਅਤੇ ਵਾਹਿਗੁਰੂ ਦਾ ਜਾਪ ਅੰਦਰੋਂ ਸੁਣਾਈ ਦੇਣਾ ਚਾਹੀਦਾ ਹੈ :-

**ਰਸਨਾ ਨਾਮੁ ਸਭੁ ਕੋਈ ਕਹੈ ॥ ਸਤਿਗੁਰੁ ਸੇਵੇ ਤਾ ਨਾਮੁ ਲਹੈ ॥**

**ਬੰਧਨ ਤੋੜੇ ਮੁਕਤਿ ਘਰਿ ਰਹੈ ॥ ਗੁਰ ਬਸਦੀ ਅਸਥਿਰੁ ਘਰਿ ਬਹੈ ॥** (ਅੰਗ-1262)

ਆਪਣੇ ਆਪ ਰਸਨਾਂ ਤੋਂ ਤਾਂ ਹਰ ਕੋਈ ਨਾਮ ਜਪਦਾ ਹੈ। ਪਰ ਨਾਮ ਅਸਲੀ ਤੌਰ ਤੇ ਸਤਿਗੁਰੂ ਦੀ ਸੇਵਾ, ਸ਼ਰਨ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਦੀ ਸ਼ਰਨ ਵਿਚ ਸ਼ਬਦ ਦੀ ਕਮਾਈ ਕੀਤੀ ਹੋਈ ਬੰਧਨ ਤੋੜ ਦਿੰਦੀ ਹੈ ਅਤੇ ਸਥਿਰ ਘਰ ਵਿਚ ਵਾਸਾ ਹੋ ਜਾਂਦਾ ਹੈ।

ਸਰੀਰ ਦੇ ਨੌਂ ਦਰਵਾਜ਼ੇ ਹਨ। ਦੋ ਅੱਖਾਂ, ਦੋ ਕੰਨ, ਮੂੰਹ, ਦੋ ਨਾਸਾਂ ਅਤੇ ਮਲ ਮੂਤਰ ਦੀਆਂ ਇੰਦਰੀਆਂ। ਮਨ ਦੀ ਸਾਰੀ ਤਵੱਜੋ ਇਨ੍ਹਾਂ ਵੱਲ ਰਹਿੰਦੀ ਹੈ। ਇਨ੍ਹਾਂ ਤੋਂ ਰਸ ਪ੍ਰਾਪਤ ਕਰਨ ਲਈ ਮਨ ਸਦਾ ਤੜਪਦਾ ਹੈ ਅਤੇ ਇੰਨਾ ਹੀ ਸਮਝਦਾ ਹੈ ਕਿ ਬੱਸ ਇਸ ਤੋਂ ਉੱਤੇ ਹੋਰ ਕੁਝ ਨਹੀਂ। ਪਰ ਗੁਰਬਾਣੀ ਦੇ ਫੁਰਮਾਣ ਹਨ ਕਿ ਇਨ੍ਹਾਂ ਨੌਂ ਦਰਵਾਜ਼ਿਆਂ ਤੋਂ ਇਲਾਵਾ ਇਕ ਦਸਵਾਂ ਦਰਵਾਜ਼ਾ ਵੀ ਸਰੀਰ ਦੇ ਅੰਦਰ ਬਣਿਆ ਹੋਇਆ ਹੈ, ਜੋ ਬੰਦ ਹੈ, ਸਾਡੇ ਅਗਿਆਨ ਕਰਕੇ। ਉਹ ਖੁਲ੍ਹਦਾ ਉਦੋਂ ਹੈ ਜਦੋਂ ਅਸੀਂ ਮਨ ਦਾ ਝੁਕਾਅ ਬਾਹਰੀ ਨੌਂ ਦਰਵਾਜ਼ਿਆਂ ਤੋਂ ਮੋੜ ਕੇ ਦਸਵੇਂ ਵੱਲ ਲਗਾਵਾਂਗੇ। ਨੌਆਂ ਵਿਚ ਇਹ ਇਤਨਾ ਖੱਚਤ ਹੈ ਕਿ ਦਸਵਾਂ ਭੁੱਲ ਹੀ ਗਿਆ ਹੈ ਪਰ ਅਸਲੀ ਘਰ ਸਾਡਾ ਉਹੋ ਹੀ ਹੈ, "ਦਸਵੈ ਨਿਜ ਘਰਿ ਵਾਸਾ ਪਾਏ ॥" ਜਿਥੇ ਦਿਨ ਰਾਤੀਂ ਅਨਹਦ ਸ਼ਬਦ ਵੱਜਦੇ ਹਨ ਜੋ ਬਾਹਰੀ ਨੌਂ ਦਰਵਾਜ਼ਿਆਂ ਦੇ ਰਸਾਂ ਤੋਂ ਬੇਅੰਤ ਗੁਣਾਂ ਰਸੀਲੇ ਹਨ, ਸੁਖਦਾਇਕ ਹਨ। ਇਸ ਤਰ੍ਹਾਂ ਅਸੀਂ ਵੇਖ ਰਹੇ ਹਾਂ ਕਿ ਮਨ ਦੀ ਨਿਰਮਲਤਾ ਆਪਣੇ ਘਰ ਜਾਣ ਲਈ ਅਤਿਅੰਤ ਜ਼ਰੂਰੀ ਹੈ। ਬਿਨਾਂ ਮਨ ਸ਼ੁਧ ਹੋਏ ਤੋਂ ਅਸਲੀ ਘਰ ਦਾ ਪਾਉਣਾ ਅਸੰਭਵ ਹੈ। ਮਨ ਨਿਰਮਲ ਕਰਨ ਦਾ ਸੌਖਾ ਤੇ ਸਹੀ ਤਰੀਕਾ ਵੀ ਸ਼ਬਦ ਦਾ ਸਿਮਰਨ ਹੈ, ਹਰੀ ਦੇ ਗੁਣ ਗਾਉਣਾ ਹੈ। ਜਿਸ ਨਾਲ ਆਪਣੇ ਆਪੇ ਦੀ ਪਛਾਣ ਹੁੰਦੀ ਹੈ ਅਤੇ ਆਪਣੇ ਸਥਾਈ ਘਰ ਵਿੱਚ ਨਿਵਾਸ ਹੁੰਦਾ ਹੈ:-

**ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥**

**ਗੁਰਮਤਿ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥** (ਅੰਗ-565)

ਸ਼ਬਦ ਦੀ ਕਮਾਈ ਕਰਨ ਕਰਕੇ ਮਨ ਸਾਫ ਹੋ ਜਾਂਦਾ ਹੈ। ਅੰਤਰਮੁਖੀ ਬਣ ਜਾਂਦਾ ਹੈ। ਮਾਇਆ ਦੀ ਲੇਪਤਾ ਤੋਂ ਅਲਿਪਿਤ ਹੋ ਜਾਂਦਾ ਹੈ। ਆਪਣੇ ਅਸਲੇ ਨੂੰ ਪਾਉਣ ਦੀ ਤਾਂਘ ਉਪਜਦੀ ਹੈ। ਗੁਰੂ ਦੇ ਹੁਕਮਾਂ ਦੀ ਕਾਰ ਕਰਦਾ ਹੈ। ਅਜਿਹੇ ਕਰਮ ਕਰਦਾ ਹੈ ਜੋ ਗੁਰੂ ਨੂੰ ਭਾਉਂਦੇ ਹਨ। ਸ਼ੁਭ ਕਰਮਾਂ ਦੇ ਨਾਲ ਨਾਲ, ਹਰੀ ਦੇ ਗੁਣ ਗਾਉਂਦਾ ਹੈ। ਭਜਨ ਬੰਦਗੀ, ਸਿਮਰਨ ਤੋਂ ਬਿਨਾਂ ਘਰ ਦਾ ਵਾਸਾ ਨਸੀਬ ਨਹੀਂ ਹੁੰਦਾ :-

**ਗੁਰਿ ਕਹਿਆ ਸਾ ਕਾਰ ਕਮਾਵਹੁ ॥**

**ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥**

**ਸਾਚੈ ਨਾਇ ਵਡਾਈ ਪਾਵਹੁ ॥** (ਅੰਗ-832)

ਮਨ ਦੇ ਨਾਲ ਹੀ ਮਨ ਨੂੰ ਸੰਵਾਰਿਆ ਜਾਂਦਾ ਹੈ। ਜਦੋਂ ਸ਼ਬਦ ਦੇ ਨਾਲ ਇਸ ਨੂੰ ਰੰਗਿਆ ਜਾਵੇ। ਸਰੀਰ ਤਾਂ ਕੱਚੀ ਮਟਕੀ ਦੀ ਤਰ੍ਹਾਂ ਹੈ। ਬਿਨਸਨਹਾਰ ਹੈ। ਨਾਮ ਸਿਮਰਨ ਦੇ ਨਾਲ ਰਜੋ, ਤਮੋ, ਸਤੋ ਗੁਣਾਂ ਦੀ ਤ੍ਰਿਕੁਟੀ ਤੋਂ ਮਨੁੱਖ ਛੁੱਟ ਜਾਂਦਾ ਹੈ। ਮਨ ਇਹਨਾਂ ਬ੍ਰਿਤੀਆਂ ਦਾ

ਤਿਆਗ ਕਰਦਾ ਹੈ ਅਤੇ ਮਨੁੱਖ ਛੁੱਟ ਜਾਂਦਾ ਹੈ। ਮਨ ਇਹਨਾਂ ਬ੍ਰਿਤੀਆਂ ਦਾ ਤਿਆਗ ਕਰਦਾ ਹੈ ਅਤੇ ਮਨੁੱਖੀ ਸੁਰਤ ਨੂੰ ਆਤਮਾ ਦਾ ਗਿਆਨ ਹੁੰਦਾ ਹੈ। ਜੀਵ ਆਪਣੀ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਆਤਮਿਕ ਹਿਲੋਰੇ ਲੈਂਦਾ ਹੈ ਭਾਵ ਸ਼ਬਦ ਸੁਰਤ ਲਿਵਲੀਨ ਹੋ ਜਾਂਦਾ ਹੈ ਤਾਂ ਆਪਣੇ ਘਰ ਵਿਚ ਜਾ ਟਿਕਦਾ ਹੈ। ਇਹ ਸਭ ਕੁਝ ਗੁਰੁਕ੍ਰਿਪਾ ਦੁਆਰਾ ਉਸ ਦੇ ਸ਼ਬਦ ਰਾਹੀਂ ਵਾਪਰਦਾ ਹੈ:-

**ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥**

**ਸਬਦਿ ਮਨੁ ਰੰਗਿਆ ਲਿਵ ਲਾਇ ॥**

**ਨਿਜ ਘਰਿ ਵਸਿਆ ਪ੍ਰਭ ਦੀ ਰਜਾਇ ॥** (ਅੰਗ-233)

ਯਥਾ

**ਕਾਚੀ ਮਟੁਕੀ ਬਿਨਸਿ ਬਿਨਾਸਾ ॥**

**ਜਿਸੁ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥**

**ਊਚਾ ਚੜੈ ਸੁ ਪਵੈ ਪਇਆਲਾ ॥**

**ਧਰਨਿ ਪੜੈ ਤਿਸੁ ਲਗੈ ਨਾ ਕਾਲਾ ॥**

**ਭ੍ਰਮਤ ਫਿਰੇ ਤਿਨ ਕਿਛੂ ਨ ਪਾਇਆ ॥**

**ਸੇ ਅਸਥਿਰ ਜਿਨ ਗੁਰ ਸਬਦੁ ਕਮਾਇਆ ॥**

**ਜੀਉ ਪਿੰਡੁ ਸਭੁ ਹਰਿ ਕਾ ਮਾਲੁ ॥**

**ਨਾਨਕ ਗੁਰ ਮਿਲਿ ਭਏ ਨਿਹਾਲ ॥** (ਅੰਗ-374)

ਗੁਰੂ ਦੀ ਉਂਗਲ ਫੜੇ ਬਗੈਰ ਹੋਰ ਕੋਈ ਸਹਾਰਾ ਨਹੀਂ ਹੈ। ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨੀ ਸਭ ਤੋਂ ਵੱਡਾ ਗੁਰੂ ਦਾ ਹੁਕਮ ਹੈ :-

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥** (ਅੰਗ-72)

ਸੋ ਨਾਮ ਦੇ ਜਹਾਜ ਤੇ ਚੜ੍ਹਨਾ ਹੈ। ਗੁਰੂ ਤੋਂ ਗਿਆਨ ਲੈ ਕੇ ਕਮਾਉਣਾ ਹੈ। ਇਹ ਨਹੀਂ ਕਰਨਾ ਕਿ ਲੋਕਾਂ ਨੂੰ ਸਮਝਾਈ ਜਾਈਏ ਪਰ ਗੁਰੂ-ਬਚਨਾਂ ਨੂੰ ਆਪ ਨ ਕਮਾਈਏ। ਇਸ ਤਰ੍ਹਾਂ ਕਰਨ ਨਾਲ ਮੰਜ਼ਿਲ ਨਹੀਂ ਮਿਲ ਸਕਦੀ :-

**ਆਪਿ ਨਾ ਬੂਝੈ ਲੋਕ ਬੁਝਾਵੈ ॥**

**ਮਨ ਕਾ ਅੰਧਾ ਅੰਧੁ ਕਮਾਵੈ ॥**

**ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥** (ਅੰਗ-832)

ਗੁਰੂ ਦਾ ਹੁਕਮ ਕੀ ਹੈ? ਸਤਿਗੁਰੂ ਜੀ ਕਿਹੜਾ ਰਸਤਾ ਦੱਸਦੇ ਹਨ? ਉਹ ਰਸਤਾ ਹੈ ਨਾਮ ਬਾਣੀ ਨਾਲ ਜੁੜਨ ਦਾ। ਅੰਮ੍ਰਿਤ ਵੇਲੇ ਤੋਂ ਲੈ ਕੇ ਮਹਾਰਾਜ ਨਿੱਤਨੇਮ ਸਮਝਾਉਂਦੇ ਹਨ। ਸਮਝਾਉਂਦੇ ਹਨ, ਜਗਿਆਸੂ ਨੂੰ ਕਿ ਭਾਈ! ਇਸ ਤਰ੍ਹਾਂ ਆਪਣੇ ਜੀਵਨ ਨੂੰ ਢਾਲ ਕੇ ਸੁਆਸ ਸੁਆਸ ਉਸ ਵਾਹਿਗੁਰੂ ਦਾ, ਜਿਸ ਦੇ ਪਾਸ ਤੇਰਾ ਘਰ ਹੈ, ਜਿੱਥੇ ਤੂੰ ਜਾਣਾ ਹੈ, ਉਸ ਨੂੰ ਯਾਦ ਕਰ, ਗੁਰਬਾਣੀ ਪੜ੍ਹਦਿਆਂ, ਨਾਮ ਜਪਦਿਆਂ ਅਤੇ ਹੋਰਾਂ ਨੂੰ ਵੀ ਇਸ ਪਾਸੇ ਵੱਲ ਪ੍ਰੇਰਨਾ ਦਿੰਦਿਆਂ ਸਤਿਗੁਰੂ ਦੀ ਤੇਰੇ ਤੇ ਬਖਸ਼ਿਸ਼ ਹੋਵੇਗੀ ਅਤੇ ਆਪਣੇ ਨਾਲ ਮਿਲਾ ਲੈਣਗੇ :-

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**

**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**

**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**

**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**

**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**

**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**

**ਸੋ ਗੁਰਸਿਖੁ ਗੁਰੂ ਮਨਿ ਭਾਵੈ ॥** (ਮ. – 4, ਅੰਗ–305)

ਜ਼ਬਾਨ (ਬੈਖਰੀ) ਤੋਂ ਸਿਮਰਨ ਕਰਵਾ ਕੇ, ਸਤਿਗੁਰੂ ਜੀ ਮੱਧਮਾ ਤੇ ਪਸੰਤੀ ਬਾਣੀਆਂ ਦੁਆਰਾ ਨਾਮ ਸਿਮਰਨ ਦਾ ਸਫਰ ਕਰਵਾ ਕੇ ਤ੍ਰਿਕੁਟੀ ਛਡਵਾ ਕੇ ਨਿਜ ਮਹਲ, ਦਸਮ ਦੁਆਰ 'ਚ ਆਪ ਆਪਣੇ ਨਾਲ ਲੈ ਜਾਂਦੇ ਹਨ :-

**ਜਿਸ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥** (ਅੰਗ–374)

**ਸਬਦਿ ਮਨੁ ਰੰਗਿਆ ਲਿਵ ਲਾਇ ॥**

**ਨਿਜ ਘਰਿ ਵਸਿਆ ਪ੍ਰਭ ਦੀ ਰਜਾਇ ॥** (ਅੰਗ– 233)

ਗੁਰੂ ਦੇ ਹੁਕਮ 'ਚ ਰਹਿੰਦੇ ਹੋਏ, ਨਾਮ ਸਿਮਰਨ ਕਰਦੇ ਹੋਏ, ਅਰਦਾਸ ਨਹੀਂ ਭੁੱਲਣੀ। ਹਮੇਸ਼ਾ ਹੀ ਮਾਲਿਕ ਅੱਗੇ ਅਰਦਾਸ ਕਰਦੇ ਰਹਿਣਾ ਹੈ :-

**ਸਚਾ ਅਰਜੁ ਸਚੀ ਅਰਦਾਸਿ ॥**

**ਮਹਲੀ ਖਸਮੁ ਸੁਣੇ ਸਾਬਾਸਿ ॥**

**ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥** (ਅੰਗ–355)

ਸੱਚੇ ਦਿਲੋਂ ਸੱਚੀ ਅਰਦਾਸ, ਖਸਮ ਦੇ ਦਰਬਾਰ ਕੀਤੀ ਹੋਈ, ਸੁਣੀ ਜਾਂਦੀ ਹੈ। ਪ੍ਰਵਾਨ ਹੁੰਦੀ ਹੈ। ਖਸਮ ਆਪਣੇ ਮਹਲ ਵਿਚ ਬੁਲਾ ਲੈਂਦਾ ਹੈ ਅਤੇ ਆਪਣੇ ਕੋਲ ਬਿਠਾ ਲੈਂਦਾ ਹੈ।

**ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥**

**ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥** (ਅੰਗ–882)

ਹੇ ਦੀਨ ਦੁਖੀਆਂ ਗਰੀਬਾਂ ਨੂੰ ਦਾਨ ਦੇਣਹਾਰੇ, ਮੈਂ ਬੜੇ ਅਉਗੁਣਾਂ ਨਾਲ ਭਰਿਆ ਹੋਇਆ ਹਾਂ। ਮੇਰੇ ਅਉਗੁਣਾਂ ਨੂੰ ਨਾ ਚਿਤਾਰੋ। ਐ ਮੇਰੇ ਮਾਲਿਕ ਪਿਤਾ, ਮਿਟੀ ਦਾ ਕੀ ਧੋਤਾ ਜਾਣਾ ਹੈ, ਉਸਨੇ ਤਾਂ ਸਦਾ ਗੰਧਲੀ ਮਿੱਟੀ ਹੀ, ਮੈਲੀ ਹੀ ਰਹਿਣਾ ਹੈ, ਮੇਰੀ ਵੀ ਇਹੋ ਦਸ਼ਾ ਹੈ, ਪਰ ਤੁਸੀਂ ਕ੍ਰਿਪਾ ਕਰਕੇ ਬਖਸ਼ ਲਵੋ ਜੀ।

**ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥ ਰਹਾਉ ॥**

**ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥**

**ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥**

**ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥** (ਅੰਗ–1273)

ਅਰਦਾਸ ਕਰਨੀ ਹੈ, ਹੇ ਮਾਲਿਕ ! ਦਇਆ ਦੇ ਸੋਮੇ, ਮੇਰੇ ਪ੍ਰਾਣਾਂ ਦੇ ਰਖਵਾਲੇ, ਗਰੀਬਾਂ ਦਾ ਦੁੱਖ ਦੂਰ ਕਰਨਾ ਵਾਲੇ ਅਤੇ ਹੇ ! ਪੂਰੀ ਸਮਰੱਥਾ ਰੱਖਣ ਵਾਲੇ, ਅਪਹੁੰਚ ਵਾਹਿਗੁਰੂ ਜੀ ! ਮੇਰੇ ਤੇ ਕ੍ਰਿਪਾ ਕਰੋ। ਇਹ ਸੰਸਾਰ ਜੋ ਬੜਾ ਡਰਾਉਣਾ ਖੂਹ ਹੈ, ਜਿਥੇ ਮੋਹ ਮਾਇਆ ਦਾ ਘੁੱਪ ਹਨੇਰਾ ਹੈ, ਜਿਸ ਕਰਕੇ ਮੈਂ ਇਸ ਨੂੰ ਪਾਰ ਕਰਕੇ ਆਪ ਜੀ ਦੇ ਘਰ ਨਹੀਂ ਪਹੁੰਚ ਸਕਦਾ, ਮੇਰੇ 'ਚ ਕੋਈ ਸਮਰੱਥਾ ਨਹੀਂ ਹੈ, ਤੁਸੀਂ ਆਪ ਹੀ ਪ੍ਰਭੂ ਜੀ ! ਇਸ ਵਿਚੋਂ ਮੈਨੂੰ ਬਾਹਰ ਕੱਢ ਕੇ ਪਾਰ ਉਤਾਰੋ ਅਤੇ ਮੈਨੂੰ ਆਪਣੇ ਘਰ ਵਿਚ ਥੋੜ੍ਹਾ ਜਿੰਨਾ ਸਥਾਨ ਬਖਸ਼ੋ।

**ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥** (ਅੰਗ–283)

ਨਿਰੰਕਾਰ ਦੇ ਦਰਬਾਰ (ਘਰ) ਵਿਚ ਇੱਜ਼ਤ ਨਾਲ ਜਾਈਦਾ ਹੈ। ਜਦੋਂ ਵਾਹਿਗੁਰੂ ਦਾ ਸਿਮਰਨ ਹਿਰਦੇ ਵਿਚ ਕਰੀਏ, ਸਿਮਰਨ ਦੀਆਂ ਪਉੜੀਆਂ ਚੜ੍ਹਨ ਲਈ ਸਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ, ਕਿਉਂ ਜੁ ਉਂਗਲ ਸਤਿਗੁਰੂ ਦੀ ਫੜੀ ਹੋਈ ਹੈ। ਸ਼ਬਦ ਗੁਰੂ ਸਤਗੁਰੂ ਪੂਰਨ ਸਮਰੱਥ ਹਨ, ਵਾਹਿਗੁਰੂ ਜੀ ਨਾਲ ਮਿਲਾਪ ਕਰਾਉਣ ਲਈ, ਹੋਰ ਕਿਸੇ ਦੇਹ ਧਾਰੀ ਨੂੰ ਪੁੱਛਣ ਦੀ ਲੋੜ ਨਹੀਂ। ਦਸਾਂ ਪਾਤਸ਼ਾਹੀਆਂ ਦੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ, ਮੌਜੂਦ ਹੈ, ਉਨ੍ਹਾਂ ਤੋਂ ਹੀ ਅਗਵਾਈ ਲੈਣੀ ਬਣਦੀ ਹੈ।

# ਜੀਵਨ ਮਨੋਰਥ

ਜੀਵਨ ਕੀ ਹੈ? ਕਿਉਂ ਮਿਲਦਾ ਹੈ? ਕਿਵੇਂ ਮਿਲਦਾ ਹੈ ਅਤੇ ਇਸ ਦਾ ਮਨੋਰਥ ਕੀ ਹੈ? ਇਹ ਕੁਝ ਕੁ ਸਵਾਲ ਹਨ, ਜੋ ਇਕ ਦਾਰਸ਼ਨਿਕ ਦੇ ਅੰਤਰ-ਆਤਮੇ ਉਪਜਦੇ ਹਨ। ਆਮ ਆਦਮੀ ਇਹਨਾਂ ਸਵਾਲਾਂ ਦੀ ਵੀਚਾਰ ਨਹੀਂ ਕਰਦਾ। ਉਸ ਦੇ ਮਨ ਅੰਦਰ ਕਦੇ ਇਹ ਜਾਨਣ ਦੀ ਲਾਲਸਾ ਹੀ ਨਹੀਂ ਉਪਜਦੀ ਕਿ ਮੈਂ ਕੀ ਹਾਂ ਕਿਥੋਂ ਆਇਆ ਹਾਂ ਅਤੇ ਕਿੱਥੇ ਜਾਣਾ ਹੈ ਤੇ ਕੀ ਕਰਨ ਆਇਆ ਹਾਂ? ਦਰਅਸਲ ਇਹੋ ਹੀ ਪ੍ਰਸ਼ਨ ਹਨ ਜੋ ਮਨੁੱਖ ਨੂੰ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ ਅਤੇ ਸੁਆਲਾਂ ਦੇ ਉੱਤਰ ਦੀ ਖੋਜ ਦੀ ਲਗਨ ਉਸ ਨੂੰ ਸੂਝਵਾਨ ਬਣਾਉਂਦੀ ਹੈ, ਖੋਜਦਾ ਖੋਜਦਾ ਮਨੁੱਖ ਗਿਆਨੀ ਹੋ ਜਾਂਦਾ ਹੈ ਅਤੇ ਇਹਨਾਂ ਉੱਤਰਾਂ ਦੀ ਪੂਰਤੀ ਲਈ, ਮਨੁੱਖਾ ਜੀਵਨ ਵਿਚ ਅਮਲੀ ਜਾਮਾ ਪਹਿਨਾਉਣ ਨਾਲ ਮਨੁੱਖ, ਮਨੁੱਖ ਨਹੀਂ ਰਹਿੰਦਾ ਬਲਕਿ ਪਰਮ-ਮਨੁੱਖ ਬਣ ਜਾਂਦਾ ਹੈ।

ਆਮ ਤਾਂ ਅਸੀਂ ਮਨੁੱਖਾਂ ਜੀਵਨ ਨੂੰ ਇਹੋ ਹੀ ਸਮਝਦੇ ਹਾਂ ਕਿ ਇਹ ਮਨੁੱਖ ਨੂੰ ਆਰਾਮ ਕਰਨ, ਖਾਣ ਪੀਣ, ਹੱਸਣ ਖੇਡਣ ਜਾਂ ਸੌਣ ਲਈ, ਐਸ਼ ਕਰਨ ਲਈ ਮਿਲਦਾ ਹੈ। 'ਖਾਓ ਪੀਓ ਕਰੋ ਅਨੰਦ' ਦੇ ਮੰਤਵ ਨੂੰ ਹਰ ਇਕ ਨੇ ਅਪਣਾਇਆ ਹੋਇਆ ਹੈ। ਖਾਣ ਪੀਣ ਲਈ ਚੰਗਾ ਭੋਜਨ ਸਵਾਦੀ ਮਠਿਆਈਆਂ ਹਰ ਰੋਜ਼ ਹੋਣ, ਪੀਣ ਲਈ ਮਿੱਠੇ ਰਸ, ਸੁਆਦੀ ਤੇ ਨਸ਼ਿਆਂ ਭਰਪੂਰ ਹੋਣ। ਪਹਿਨਣ ਲਈ ਸੁਹਣੇ ਤੋਂ ਸੁਹਣਾ ਕੱਪੜਾ ਹਰ ਰੋਜ਼ ਮਿਲੀ ਜਾਵੇ ਨਿੱਤ ਨਵਾਂ ਸੂਟ ਮਿਲੇ, ਨਵੇਂ ਫੈਸ਼ਨ ਨਾਲ ਸੀਤਾ ਹੋਵੇ। ਰਹਿਣ ਲਈ ਕੋਠੀ ਦੀ ਲਾਲਾਸਾ ਮਨੁੱਖ ਦੀ ਸਾਰੀ ਉਮਰ ਹੀ ਨਹੀਂ ਮੁੱਕਦੀ। ਸੁਹਣਾ ਮਕਾਨ ਪਾ ਲਵੇਗਾ, ਪਰ ਫੇਰ ਉਸਦੀ ਸੁੰਦਰਤਾ ਵਧਾਉਣ ਲਈ ਹੀ ਸਾਰੀ ਉਮਰ ਲੱਗਿਆ ਰਹੇਗਾ। ਰੋਟੀ, ਕੱਪੜਾ ਅਤੇ ਮਕਾਨ ਦੇ ਆਹਰ ਵਿਚ ਹੀ ਉਮਰ ਗੁਜ਼ਾਰ ਦੇਵੇਗਾ। ਕੀ ਜੀਵਨ ਦਾ ਮਨੋਰਥ ਇਹੋ ਹੀ ਹੈ?

ਇਸ ਤੋਂ ਵੱਧ ਕੁਝ ਲੋਕ ਹਉਮੈ ਵਿਚ ਰਹਿ ਕੇ ਮਾਣ ਇੱਜ਼ਤ ਦੇ ਪਿੱਛੇ ਭੱਜੇ ਫਿਰਦੇ ਹਨ। ਆਪਣੀ ਵਡਿਆਈ ਕਰਵਾਉਣ ਲਈ ਉਹਨਾਂ ਨੂੰ ਭਾਵੇਂ ਦੂਜਿਆਂ ਦੀ ਕਿੰਨੀ ਬੇਇੱਜ਼ਤੀ ਕਰਨੀ ਪਵੇ, ਗਰੇਜ਼ ਨਹੀਂ ਕਰਦੇ। ਮਨਿੱਸਟ੍ਰੀਆਂ ਦੀਆਂ ਕੁਰਸੀਆਂ ਪਿੱਛੇ ਕੀ ਕੁਝ ਨਹੀਂ ਹੁੰਦਾ? ਚੋਣਾਂ ਵੇਲੇ ਇਕ ਦੂਜੇ ਤੇ ਕੀ ਕੀ ਦੋਸ਼ ਨਹੀਂ ਲਗਾਏ ਜਾਂਦੇ? ਵੱਡੀਆਂ ਕੁਰਸੀਆਂ ਤੇ ਬੈਠ ਕੇ ਸ਼ਰਾਬਾਂ 'ਚ ਗੁਟ ਪਰਾਈਆਂ ਇਸਤਰੀਆਂ ਤੇ ਗਬਲੇ ਪਾ ਕੇ ਲੋਕਾਂ ਦੇ ਫੰਡਾਂ ਦੀ ਦੁਰਵਰਤੋਂ ਕਰਕੇ ਆਪਣਾ ਹੀ ਪੇਟ ਪਾਲਣਾ, ਦੂਜਿਆਂ ਨਾਲ ਵਧੀਕੀਆਂ ਕਰਨੀਆਂ। ਕੀ ਇਹੋ ਹੀ ਜੀਵਨ ਦਾ ਮੰਤਵ ਹੈ?

ਵੱਖਰੇ ਵੱਖਰੇ ਧਰਮਾਂ ਤੇ ਮੱਤਾਂ ਦੀਆਂ ਵੀ ਆਪਣੀਆਂ ਆਪਣੀਆਂ ਰਾਵਾਂ ਹਨ। ਕੋਈ ਕੇਵਲ ਮੁਕਤੀ ਨੂੰ ਹੀ ਜੀਵਨ ਦਾ ਮਤਲਬ ਸਮਝਦਾ ਹੈ ਅਤੇ ਕੋਈ ਸੰਸਾਰ ਵਿਚ ਆ ਕੇ ਸੰਸਾਰ ਦੇ ਭਲੇ ਲਈ ਕੀਤੇ ਸ਼ੁਭ ਕਰਮਾਂ ਤੱਕ ਹੀ ਜੀਵਨ ਦਾ ਲਕਸ਼ ਦੱਸਦਾ ਹੈ। ਇਨਸਾਨ ਪੈਦਾ ਹੋਇਆ, ਮਾਂ ਬਾਪ ਨੇ ਉਸ ਨੂੰ ਲਾਡ ਪਿਆਰ ਦਿੱਤਾ, ਪਾਲਣਾ ਪੋਸਣਾ ਕੀਤੀ। ਹਾਣੀਆਂ ਨਾਲ ਲੜਕਪਨ ਦੇ 15-16 ਸਾਲ ਬਿਨਾਂ ਕਿਸੇ ਮਤਲਬ ਦੇ, ਸਮਝ ਦੇ, ਕੇਵਲ ਮਨ ਪ੍ਰਚਾਵੇ ਲਈ ਹੀ ਹੱਸਦਾ ਖੇਡਦਾ ਰਿਹਾ। ਲੜਕਪਨ ਗਿਆ, ਜੁਆਨੀ ਆਈ, ਦੁਨੀਆਂ ਨੂੰ ਕੁੱਝ ਸਮਝਿਆ, ਦੁਨਿਆਵੀ ਵਿੱਦਿਆ ਪ੍ਰਾਪਤ ਕੀਤੀ। ਗ੍ਰਹਿਸਥ ਵਿਚ ਪੈਰ ਪਾਇਆ। ਕੰਮ ਕਾਜ (ਕਾਰੋਬਾਰ) ਕੀਤਾ। ਆਪ ਬੱਚੇ ਦੀ ਥਾਂ ਬੱਚਿਆਂ  ਦਾ ਮਾਂ ਬਾਪ ਬਣ ਗਿਆ। ਦੁਨੀਆਂ ਵਿਚ ਕੁਝ ਭਲਾ ਕੀਤਾ ਕੁਝ ਬੁਰਾ ਕੀਤਾ। ਕਿਸੇ ਨਾਲ ਪਿਆਰ ਪਾਇਆ, ਕਿਸੇ ਨਾਲ ਦੁਸ਼ਮਣੀ ਕੀਤੀ। ਕਿਸੇ ਦੀ ਇੱਜ਼ਤ ਕੀਤੀ ਕਿਸੇ ਨੂੰ ਬੇਇੱਜ਼ਤ ਕੀਤਾ। ਕਦੇ ਰੋਇਆ, ਕਦੇ ਹੱਸਿਆ। ਕਦੇ ਦੁੱਖ ਤੇ ਕਦੇ ਸੁੱਖ ਭੋਗਿਆ। ਬਚਪਨ, ਲੜਕਪਨ, ਜੁਆਨੀ ਲੰਘ ਕੇ ਬੁਢੇਪੇ 'ਚ ਪੈਰ ਪਾਇਆ, ਦੂਜਿਆਂ ਦਾ ਮੁਥਾਜ ਹੋ ਗਿਆ। ਸਰੀਰਕ ਅੰਗ ਵਾਰੋ ਵਾਰੀ ਜੁਆਬ ਦੇਣ ਲੱਗ ਪਏ। ਅੰਤ ਸਾਰੇ ਅੰਗ ਜੁਆਬ ਦੇ ਗਏ। ਅਖੀਰ ਭੌਰ ਦੇ ਰਹਿਣ ਲਈ ਵੀ ਇਹ ਸਰੀਰ ਰੂਪੀ ਮਕਾਨ ਕਾਬਿਲ ਨਾ ਰਿਹਾ, ਉਹ ਉਡ ਗਿਆ। ਕੀ ਕੇਵਲ ਇੰਨਾ ਹੀ ਹੈ ਜੀਵਨ ਦਾ ਮਕਸੱਦ?

ਆਓ ਵਿਚਾਰੀਏ, ਗੁਰਬਾਣੀ ਜੀਵਨ ਦਾ ਕੀ ਅਰਥ ਦੱਸਦੀ ਹੈ? ਕੀ ਕਰਨ ਨੂੰ ਆਖਦੀ ਹੈ? ਸੰਸਾਰ ਵਿਚ ਮਨੱਖਾ ਜਨਮ ਲੈਣ ਦਾ ਕੀ ਲਾਹਾ ਹੈ? ਬ੍ਰਹਮੰਡ ਦੀ ਰਚਨਾ ਦਾ ਕੋਈ ਅੰਤ ਨਹੀਂ, ਜੂਨੀਆਂ ਦਾ ਅੰਤ ਨਹੀਂ। ਸੋ ਮਨੁੱਖ ਜੂਨੀ ਕੀ ਹੈ ਤੇ ਇਸ ਦਾ ਕੀ ਮਨੋਰਥ ਹੈ? ਗੁਰਬਾਣੀ ਸਮਝਾਉਂਦੀ ਹੈ ਜ਼ਰਾ ਵੇਖੋ !

**ਕਈ ਜਨਮ ਭਏ ਕੀਟ ਪਤੰਗਾ ਕਈ ਜਨਮ ਗਜ ਮੀਨ ਕੁਰੰਗਾ ॥**

**ਕਈ ਜਨਮ ਪੰਖੀ ਸਰਪ ਹੋਇਓ ॥ਕਈ ਜਨਮ ਹੈਵਰ ਬ੍ਰਿਖ ਜੋਇਓ ॥**

**ਮਿਲੁ ਜਗਦੀਸ ਮਿਲਨ ਕੀ ਬਰੀਆ ॥ਚਿਰੰਕਾਲ ਇਹ ਦੇਹ ਸੰਜਰੀਆ ॥ਰਹਾਉ ॥**

**ਕਈ ਜਨਮ ਸੈਲ ਗਿਰਿ ਕਰਿਆ ॥ਕਈ ਜਨਮ ਗਰਭ ਹਿਰਿ ਖਰਿਆ ॥**

**ਕਈ ਜਨਮ ਸਾਖ ਕਰਿ ਉਪਾਇਆ ॥**

**ਲਖ ਜਉਰਾਸੀਹ ਜੋਨਿ ਭ੍ਰਮਾਇਆ ॥** (ਅੰਗ-176)

ਮਨੁੱਖਾ ਜਨਮ ਲੈਣ ਤੋਂ ਪਹਿਲਾਂ ਇਹ ਜੀਵ ਬੇ-ਅੰਤ ਜੂਨੀਆਂ ਭੋਗਦਾ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਬਹੁਤ ਸਾਰੇ ਜਨਮ ਇਹ ਕੀੜੇ ਪਤੰਗੇ ਬਣਿਆ ਰਿਹਾ। ਕਈ ਜਨਮ ਇਹ ਹਾਥੀ ਮੱਛੀ ਤੇ ਹਿਰਨਾਂ ਦੀਆਂ ਜੂਨੀਆਂ ਵਿਚ ਪਿਆ ਰਿਹਾ। ਪੰਛੀਆਂ ਤੇ ਸੱਪਾਂ ਦੀਆਂ ਜੂਨੀਆਂ ਵੀ ਇਸ ਨੇ ਬਾਰ ਬਾਰ ਭੋਗੀਆਂ। ਘੋੜੇ ਤੇ ਬਲਦਾਂ ਆਦਿ ਭਾਵ ਪਸ਼ੂਆਂ ਦੀਆਂ ਜੋਨੀਆਂ ਭੁਗਤੀਆਂ । ਇਥੇ ਹੀ ਬੱਸ ਨਹੀਂ ਇਹ ਜੜ੍ਹ ਵਸਤੂਆਂ ਦੀਆਂ ਜੂਨਾਂ ਵਿਚ ਵੀ ਪਇਆ ਜਿਵੇਂ ਕਿ ਪਹਾੜ ਤੇ ਚੱਟਾਨਾਂ ਆਦਿ। ਬੇਅੰਤ ਵਾਰ ਤਾਂ ਕਿਸੇ ਜੂਨੀ ਵਿਚ ਪੈਣ ਲਈ ਗਰਭ ਵਿਚ ਵਾਸਾ ਕੀਤਾ ਪਰ ਜਨਮ ਲੈਣ ਤੋਂ ਪਹਿਲਾਂ ਹੀ ਖਰਾਬ ਹੋਇਆ। ਅਨੇਕਾਂ ਹੀ ਜਨਮ ਇਸ ਨੇ ਬਨਸਪਤੀ, ਬੇਲ ਬੂਟਿਆਂ ਦੇ ਭੋਗੇ। ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਭੋਗ ਭੋਗ ਕੇ ਜੀਵ ਨੂੰ ਇਹ ਮਨੁੱਖਾ ਦੇਹੀ ਮਿਲੀ ਹੈ। ਗੁਰਬਾਣੀ ਫਰਮਾਉਂਦੀ ਹੈ ਕਿ ਇਹ ਦੇਹੀ ਤੈਨੂੰ ਉਸ ਜਗਤ ਦੇ ਮਾਲਿਕ ਵਾਹਿਗੁਰੂ ਨੂੰ ਮਿਲਣ ਲਈ ਮਿਲੀ ਹੈ ਅਤੇ ਚਿਰਾਂ ਪਿਛੋਂ ਮਿਲੀ ਹੈ। ਜ਼ਰਾ ਸੰਭਲ!

ਮਨੁੱਖ ਸਾਰੀਆਂ ਜੋਨੀਆਂ ਵਿਚੋਂ 'ਅਸ਼ਰਫੁਲ ਮਖਲੂਕਾਤ' ਸਮਝਿਆ ਜਾਂਦਾ ਹੈ ਭਾਵ ਕਿ ਇਹ ਜੋਨੀ, ਸਾਰੀਆਂ ਜੋਨੀਆਂ ਤੋਂ ਸ਼੍ਰੇਸ਼ਟ ਹੈ, ਉਤਮ ਹੈ:-

**ਲਖ ਚਉਰਾਸੀਹ ਜੋਨਿ ਸਬਾਈ ॥**

**ਮਾਣਸ ਕਉ ਪ੍ਰਭਿ ਦੀਈ ਵਡਿਆਈ ॥**

**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥** (ਅੰਗ-1074)

ਆਉਂਦਾ ਹੈ, ਜਾਂਦਾ ਹੈ, ਆਵਾਗਵਨ 'ਚ ਰਹਿੰਦਾ ਹੈ। ਪਰ ਇਸ ਪਉੜੀ (ਮਨੁੱਖਾ ਦੇਹੀ) ਦੀ ਸੰਭਾਲ ਨਹੀਂ ਕਰਦਾ। ਇਸ ਨੂੰ ਚੰਗੇ ਪਾਸੇ ਨਹੀਂ ਲਾਉਂਦਾ । ਵਾਹਿਗੁਰੂ ਨੇ ਇਸ ਨੂੰ ਵਡਿਆਈ ਦਿੱਤੀ ਹੈ, ਇਹ ਸਰੀਰ ਬਖਸ਼ਿਆ ਹੈ: ਇਸ ਵੇਲੇ ਇਸ ਨੂੰ ਸਾਰੀ ਸੋਝੀ ਹੁੰਦੀ ਹੈ, ਬੁਰੇ ਦੀ, ਭਲੇ ਦੀ, ਲੋਕ ਦੀ, ਪ੍ਰਲੋਕ ਦੀ, ਕਿ ਪ੍ਰਲੋਕ ਵੀ ਕੋਈ ਹੈ। ਕੌਣ ਨਹੀਂ ਜਾਣਦਾ ਕਿ ਮਨੁੱਖ ਤੋਂ ਹੋਰ ਦੂਜੀਆਂ ਸਾਰੀਆਂ ਜੂਨੀਆਂ ਨੀਵੀਆਂ ਹਨ, ਇਸ ਦੇ ਮਾਤਹਿਤ ਹਨ। ਪਰ ਜਦੋਂ ਇਸ ਨੂੰ ਸਮਝਦਾ ਨਹੀਂ, ਆਪਣੀ ਔਕਾਤ ਨੂੰ ਪਛਾਣਦਾ ਨਹੀਂ, ਤਾਂ ਆਣ ਜਾਣ ਦੇ ਦੁਖਦਾਈ ਚੱਕਰ ਵਿਚ ਫਸਿਆ ਰਹਿੰਦਾ ਹੈ।

ਕੀ ਕੁੱਤੇ, ਬਿੱਲੇ, ਗਧੇ ਦੀ ਜੂਨ ਚੰਗੀ ਹੈ?

ਕੀ ਖੋਤਾ, ਹਾਥੀ, ਘੋੜਾ, ਗਊ, ਭੈਂਸ, ਬਲਦ ਮਨੁੱਖਾਂ ਨਾਲੋਂ ਚੰਗੇ ਹਨ?

ਕੀ ਕੀੜੇ, ਮਕੌੜੇ, ਪੰਛੀ, ਸੱਪ, ਸਪੋਲੀਏ, ਮੱਖੀ, ਮੱਛਰਾਂ ਦੀਆਂ ਜੂਨਾਂ ਮਨੁੱਖ ਜੂਨੀ ਤੋਂ ਭੈੜੀਆਂ ਨਹੀਂ? ਪਸ਼ੂ, ਪੰਛ., ਚਾਰ ਖਾਣੀਆਂ-ਅੰਡਜ, ਜੇਰਜ, ਸੇਤਜ, ਉਤਭੁਜ (ਅੰਡਿਆਂ ਤੋਂ ਪੈਦਾ ਹੋਣ ਵਾਲੇ ਜੀਵ, ਜੇਰ ਤੋਂ ਪੈਦਾ ਹੋਣ ਵਾਲੇ ਸਰੀਰ, ਪਸੀਨੇ ਨਾਲ ਜਾਂ ਕੁਦਰਤੀ ਤੌਰ ਤੇ ਬਕਟੇਰੀਆ ਤੋਂ ਉਪਜਣ ਵਾਲੇ ਜੰਤੂ ਅਤੇ ਬਨਾਸਪਤੀ), ਇਨ੍ਹਾਂ ਸਭਨਾਂ ਤੋਂ ਮਨੁੱਖ ਦਾ ਸ਼੍ਰੇਸ਼ਟ ਹੋਣ ਵਿਚ ਕੋਈ ਸ਼ੱਕ ਹੈ?:-

**ਅਵਰ ਜੋਨਿ ਤੇਰੀ ਪਨਿਹਾਰੀ ॥**

**ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥** (ਅੰਗ-374)

ਇਸ ਲੋਕ ਵਿਚ ਮਨੁੱਖ ਦੀ ਹੀ ਸਰਦਾਰੀ ਹੈ, ਕਿਉਂ ਜੁ ਇਹ ਬਾਕੀ ਸਭ ਜੂਨੀਆਂ ਵਿਚੋਂ ਸ਼੍ਰੇਸ਼ਟ ਹੈ ਪਰ ਇਸ ਦੁਨੀਆਂ ਵਿਚ ਆਉਣ ਦੇ ਆਪਣੇ ਕਰਤੱਵ ਨੂੰ ਨਹੀਂ ਪਛਾਣਦਾ:-

ਭਈ ਪਰਾਪਤਿ ਮਾਨੁਖ ਦੇਹੁਰੀਆ

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

**ਅਵਰਿ ਕਾਜ ਤੇਰੈ ਕਿਤੈ ਨ ਕਾਮ**

**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥**

**ਸਰੰਜਾਮਿ ਲਾਗੁ ਭਵਜਲ ਤਰਨ ਕੈ**

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ (ਅੰਗ-12)

ਇਹ ਇਨਸਾਨੀ ਸਰੀਰ ਪਾਇਆ ਹੈ ਇਸ ਦਾ ਮਨੋਰਥ ਹੈ, ਆਪਣੇ ਆਪ ਨਾਲ ਜੁੜਨਾ। ਆਪਣੇ ਮਾਂ ਬਾਪ ਨੂੰ ਮਿਲਨਾ, ਉਹ ਮਾਂ-ਬਾਪ ਜੋ ਸਾਡਾ ਜਨਮ ਦਾਤਾ ਹਨ। ਜਨਮ ਕਿਸ ਚੀਜ਼ ਦਾ ਹੁੰਦਾ ਹੈ? ਜੀਵ ਦਾ, ਆਤਮਾ ਦਾ, ਪਰ ਅਸੀਂ ਸਮਝਦੇ ਰਹਿੰਦੇ ਹਾਂ-ਸਰੀਰ ਦਾ ਜਨਮ। ਸਰੀਰ ਦਾ ਜਨਮ ਦੇਣ ਵਾਲਾ ਤਾਂ ਦੁਨਿਆਵੀ ਮਾਂ ਪਿਉ ਸਮਝਿਆ ਜਾ ਸਕਦਾ ਹੈ, ਉਹ ਵੀ ਅੰਸ਼ਿਕ ਤੌਰ ਤੇ ਕਿਉਂਕਿ ਅਕਾਲ ਪੁਰਖ ਹੀ ਸਭ ਵਸਤੂਆਂ ਦਾ ਕਰਤਾ ਪੁਰਖ ਹੈ। ਉਹ ਸਰੀਰ ਦੇ ਵਿਚ ਜੀਵ-ਆਤਮਾ ਨੂੰ ਰੱਖਣ ਵਾਲਾ ਅਸਲੀ ਮਾਂ ਪਿਉ ਹੈ। ਸੋ ਉਸ ਨੂੰ ਮਿਲਣਾ ਹੈ। ਉਹ ਗੋਬਿੰਦ ਹੈ। ਇਹ ਉਮਰ, ਇਹ ਜੂਨੀ ਦੀ ਬਾਰੀ, ਹੁਣ ਉਸ ਨੂੰ ਮਿਲਣ ਦੀ ਹੈ। ਮਿਲੇਗਾ ਕਿਵੇਂ? ਸਾਧ ਸੰਗਤ ਨਾਲ ਜੁੜ ਕੇ। ਸਾਧ ਸੰਗਤ ਤੋਂ ਨਾਮ ਦੀ ਰੰਗਤ ਲਾ ਕੇ, ਨਾਮ ਜਪ ਕੇ। ਛੋਟਾ ਬੱਚਾ ਕੁਰਲਾਉਂਦਾ ਹੈ, ਮਾਂ ਬਾਪ ਨੂੰ ਮਿਲਣ ਲਈ। ਕੀ ਅਸੀਂ ਕਦੇ ਕੁਰਲਾਏ, ਕੀ ਕਦੇ ਬੈਰਾਗ ਕੀਤਾ ਮਾਲਕ ਲਈ? ਬੈਰਾਗ ਕਰਦਾ ਹੈ ਨਾ ਬੱਚਾ, ਜਦੋਂ ਉਸਦੇ ਮਾਂ ਪਿਉ ਕੁਝ ਸਮੇਂ ਲਈ ਅੱਖਾਂ ਤੋਂ ਉਹਲੇ ਹੋ ਜਾਣ? ਕਈ ਵਾਰ ਤਾਂ ਆਪਾਂ ਵੇਖਦੇ ਹਾਂ ਕਿ ਬੀਮਾਰ ਪੈ ਜਾਂਦਾ ਹੈ ਤੇ ਅਸੀਂ ਉਦੋਂ ਕਹਿੰਦੇ ਹਾਂ ਕਿ ਇਸ ਨੂੰ ਬੀਮਾਰੀ ਤਾਂ ਹੈ ਜੋ ਹੈ ਹੀ, ਆਪਣੀ ਮਾਂ ਨੂੰ ਜਾਂ ਪਿਉ ਨੂੰ ਬੈਰਾਗਦਾ ਵੀ ਹੈ। ਮਨੁੱਖ ਨੇ ਕਦੇ ਆਪਣੀ ਜੀਵ ਆਤਮਾ ਨੂੰ ਜਨਮ ਦੇਣ ਵਾਲੇ ਮਾਂ ਪਿਉ ਲਈ ਵੈਰਾਗ ਕੀਤਾ ਹੈ ਇਸ ਤਰ੍ਹਾਂ? ਜਿਸ ਤੋਂ ਬਿਨਾਂ ਅਸੀਂ ਸਦਾ ਨੇੜੇ ਹੁੰਦੇ ਵੀ ਦੂਰ ਰਹਿੰਦੇ ਹਾਂ :-

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥**

**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥** (ਅੰਗ-631)

ਇਹ ਸਮਾਂ (ਮਨੁੱਖਾਂ ਦੇਹੀ) ਪ੍ਰਭੂ ਨੂੰ ਮਿਲਣ ਦਾ ਹੈ। ਕਈ ਜੁਗਾਂ-ਜੁਗਾਂਤਰਾਂ ਤੋਂ ਹੋਰ ਹੋਰ ਜੂਨੀਆਂ 'ਚ ਭਟਕ ਭਟਕ ਕੇ ਇਸ ਦੇਹੀ ਵਿਚ ਮਨੁੱਖ ਆਇਆ ਹੈ। ਮਿਲ ਲੈ, ਮਿਲਾਪ ਲਈ ਤੜਫ ਕਰ, ਬੈਰਾਗ ਕਰ ਉੱਦਮ ਨਹੀਂ ਕਰੇਂਗਾ ਤਾਂ ਖੁੰਝ ਜਾਏਂਗਾ, ਇਸ ਪਉੜੀ ਤੋਂ ਥਿੜਕ ਜਾਏਂਗਾ। ਵਾਰ ਵਾਰ ਇਹ ਵੇਲਾ ਹੱਥ ਨਹੀਂ ਆਉਣਾ।

**ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥**

**ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥** (ਅੰਗ-5●)

ਦਿਨ ਤਾਂ ਨੇੜੇ ਹੀ ਹੈ, ਦੂਰ ਨਹੀਂ ਹਰ ਰੋਜ਼ ਇਸ ਦਿਨ ਆਏ ਹੋਏ ਨੂੰ ਵੇਖਦੇ ਹਾਂ :-

**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥**

**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥** (ਅੰਗ-12)

ਨਿੱਤ ਵੇਖਦੇ ਹਾਂ ਕਿਸੇ ਨਾ ਕਿਸੇ ਦਾ ਇਹ ਦਿਨ ਆਇਆ ਹੋਇਆ। ਸੰਸਾਰ ਤੋਂ ਕੂਚ ਕਰ ਗਿਆ ਆਖਦੇ ਹਾਂ। ਪਹੁੰਚਾ (ਸੁਨੇਹਾ) ਨਿਤ ਹੀ, ਕਿਸੇ ਨਾ ਕਿਸੇ ਨੂੰ ਉਸ ਵੱਲ ਜਾਣ ਦਾ ਸੱਦਾ ਆ ਹੀ ਜਾਂਦਾ ਹੈ। ਸੋ ਸਾਨੂੰ ਵੀ ਇਹ ਸਦੜਾ ਆਉਣਾ ਹੈ, ਫੇਰ ਢਿੱਲ ਕਿਉਂ ਕਰੀਏ ਉਸ ਨੂੰ ਸਿਮਰਨ ਦੀ, ਉਸ ਨੂੰ ਯਾਦ ਕਰਨ ਦੀ, ਜਿਸ ਕੋਲ ਕਿ ਇਕ ਦਿਨ ਜਾਣਾ ਹੀ ਜਾਣਾ ਹੈ।

**ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ਮਾਨਸ ਜਨਮ ਕਾ ਏਹੀ ਲਾਹੁ ॥** (ਅੰਗ-1159)

ਗੁਰੂਸਾਹਿਬ ਨੇ ਦੇਖੋ ਹੋਰ ਕੋਈ ਗੱਲ ਨਹੀਂ ਕੀਤੀ। ਕਹਿੰਦੇ ਹਨ ਕਿ ਲਾਹਾ (ਲਾਭ), ਮਨੁੱਖੀ ਜਨਮ ਦਾ ਇਹੋ ਹੀ ਹੈ ਕਿ ਅਸੀਂ ਉਸ (ਗੋਬਿੰਦ) ਨੂੰ ਯਾਦ ਕਰੀਏ, ਉਸ ਦਾ ਭਜਨ ਕਰੀਏ। ਕਿਵੇਂ ਕਰੀਏ? ਕੋਈ ਖਾਸ ਅਡੰਬਰ ਵਾਲੀ ਗੱਲ ਨਹੀਂ। ਉੱਪਰ ਦਿੱਤੀ ਬੱਚੇ ਦੀ ਉਦਾਹਰਣ ਵਾਂਗ, ਬੈਰਾਗ ਤੇ ਤੜਪ ਪੈਦਾ ਕਰਨੀ ਹੈ।

ਸਵੇਰੇ ਉਠ ਕੇ ਹੀ ਬੈੱਡ ਟੀ (Bed Tea) ਲੈ ਲਈ, ਬਾਅਦ ਵਿਚ ਨਾਸ਼ਤਾ ਕਰ ਲਿਆ, ਕੰਮਾਂ ਕਾਰਾਂ ਵਿਚ ਰੁੱਝ ਗਏ। ਦੁਪਹਿਰ ਦਾ ਸੁਆਦੀ ਜਾਂ ਰੁੱਖਾ ਮਿੱਸਾ ਖਾਣਾ ਖਾਧਾ। ਸ਼ਾਮੀ ਫੇਰ ਚਾਹ ਵਗੈਰਾ ਪੀਤੀ ਤੇ ਰਾਤ ਨੂੰ ਖਾਣਾ ਖਾ ਕੇ ਪੇਟ ਭਰ ਕੇ ਸੌਂ ਗਏ। ਦਿਨ ਵਿਚ ਕੀ ਕੁਝ ਨਾ ਕੁਝ ਪੇਟ ਤੇ ਜੀਭ ਦੇ ਸੁਆਦ ਲਈ ਕਰਦੇ ਤੇ ਖਾਂਦੇ ਪੀਂਦੇ ਰਹੇ। ਦੂਜੇ ਦਿਨ ਉਠ ਕੇ ਫਿਰ ਉਹੋ ਚੱਕਰ ਸ਼ੁਰੂ ਹੋ ਜਾਂਦਾ ਹੈ। ਕੀ ਬੱਸ ਐਨਾ ਹੀ ਕੰਮ ਹੈ ਸਾਡਾ? ਨਹੀਂ! ਨਹੀਂ!!

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥**

**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥** (ਅੰਗ-156-157)

ਹੀਰੇ ਜਵਾਹਰਾਤ ਵਰਗਾ ਸੁਹਣਾ ਸੁੰਦਰ ਸਮਾਂ ਹੱਥ ਆਇਆ ਹੋਇਆ ਹੈ, ਪਰ ਨਾਮ ਤੋਂ ਬਗੈਰ ਕਉਡੀਆਂ ਦੇ ਭਾਅ ਗੁਜ਼ਾਰੀ ਜਾਂਦੇ ਹਾਂ। ਕੇਵਲ ਖਾ ਕੇ ਤੇ ਸੌਂ ਕੇ ਪਰ ਆਏ ਕਿਸ ਵਾਸਤੇ ਹਾਂ:-

**ਆਇਓ ਸੁਨਨ ਪੜਨ ਕਉ ਬਾਣੀ ॥**

**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥**

ਗੁਰਬਾਣੀ, ਸੰਤ ਬਾਣੀ, ਮਹਾਂ ਪੁਰਸ਼ਾਂ ਦੇ ਸ਼ੁਭ ਬਚਨ ਸੁਣ ਕੇ ਅਮਲ ਵਿਚ ਲਿਆ ਕੇ, ਜਨਮ ਨੂੰ ਸਫਲਾ ਕਰਨਾ ਹੈ। ਸਫਲੇ ਤੋਂ ਭਾਵ, ਮਿਲਾਪ ਦੀ ਮੰਜ਼ਿਲ ਤੇ ਪਹੁੰਚਣਾ ਹੈ।

**ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥**

**ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥** (ਅੰਗ-43)

ਜੀਵਨ ਨੂੰ ਰੈਣ (ਰਾਤਿ) ਨਾਲ ਤਸ਼ਬੀਹ ਦਿੱਤੀ ਹੈ। ਰਾਤ ਵਾਂਗੂ ਜੀਵਨ ਵੀ ਮੁੱਕ ਜਾਣਾ ਹੈ, ਮੁੜ ਕੇ ਦਿਨ ਫੇਰ ਪਤਾ ਨਹੀਂ ਕਦੋਂ ਚੜ੍ਹੇ ਕਿ ਨਾ ਚੜ੍ਹੇ। ਫੋਕੇ ਕੰਮ ਕਰਕੇ ਇਹ ਜੀਵਨ ਫਜ਼ੂਲ ਚਲਾ ਜਾਣਾ ਹੈ, ਖਾਲੀ ਹੱਥ ਤੁਰ ਜਾਵਾਂਗੇ। ਮਿਲਣ ਲਈ ਕੋਈ ਉਪਰਾਲਾ ਨਹੀਂ ਕੀਤਾ ਤਾਂ ਪਛਤਾਉਣਾ ਪਵੇਗਾ। ਇਸ ਜੀਵਨ ਦਾ ਲਾਹਾ ਤਾਂ ਉਸ (ਵਾਹਿਗੁਰੂ) ਨਾਲ ਜੁੜਨ ਦਾ ਹੈ।

ਏ ਸਰੀਰਾ ਮੇਰਿਆ

**ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥**

**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**

**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**

**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ**

**ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥** (ਅੰਗ-921)

ਇਸ ਸਰੀਰ ਵਿਚ ਜਦੋਂ ਜੋਤਿ ਰੱਖੀ ਗਈ, ਮਨੁੱਖ ਤਾਂ ਹੀ ਅਖਵਾ ਸਕਿਆ। ਸਰੀਰ, ਜੋਤਿ (ਜੀਵ ਆਤਮਾ) ਤੋਂ ਬਿਨਾਂ ਮੁਰਦਾ ਹੈ, ਜੋਤਿ ਵਾਹਿਗੁਰੂ ਨੇ ਰਖੀ ਤਾਂ ਜੀਵਨ ਪਾਇਆ, ਸੰਸਾਰ ਵਿਚ ਆਇਆ। ਜੇਕਰ ਤੇਰੀ ਜੋਤਿ ਇਸ ਸਰੀਰ ਵਿਚ ਨਾ ਰੱਖੀ ਜਾਂਦੀ ਤਾਂ ਸਰੀਰ, ਜੋ ਦੁਨਿਆਵੀ ਮਾਤਾ ਪਿਤਾ ਦੇ ਰਕਤ-ਬਿੰਦ ਤੋਂ ਪੰਜ ਤੰਤਾਂ ਦਾ ਮਿਲਕੇ ਬਣਿਆ ਹੈ, ਮਾਂ ਦੇ ਪੇਟ ਤੋਂ ਬਾਹਰ ਆ ਕੇ ਮੁਰਦਾ ਹੀ ਅਖਵਾਉਣਾ ਸੀ। ਜੀਵਨ ਤਾਂ ਕੇਵਲ ਜੋਤਿ ਭਰਨ ਦਾ ਹੀ ਕ੍ਰਿਸ਼ਮਾ ਹੈ।

ਮਨੁੱਖ ਸਮਾਜੀ ਜੀਵਨ ਬਿਤਾਉਂਦਾ ਹੋਇਆ ਬੜੀਆਂ ਔਂਕੜਾਂ ਵਿਚੋਂ ਲੰਘਦਾ ਹੈ। ਕਈ ਤਰ੍ਹਾਂ ਦੇ ਦੁੱਖ ਸੁੱਖ ਭੋਗਦਾ ਹੈ। ਕਦੇ ਖੁਸ਼ੀ ਹੈ, ਕਦੇ ਗਮੀ ਹੈ, ਕਦੇ ਰੋਗੀ ਹੈ ਕਦੇ ਅਰੋਗੀ ਹੈ। ਕਈਆਂ ਦੇ ਬਿਨਾਂ ਕਿਸੇ ਕਾਰਨ ਹੀ ਦੁਸ਼ਮਣ ਪੈਦਾ ਹੋ ਜਾਂਦੇ ਹਨ। ਕਈ ਪਰਉਪਕਾਰੀਆਂ ਦੀ ਵੀ ਨਿੰਦਾ ਕਰਦੇ ਹਨ। ਮਨੁੱਖਾ ਜੀਵਨ, ਕਈ ਤਰ੍ਹਾਂ ਦੇ ਉਤਰਾਵਾਂ ਵਿਚੋਂ ਦੀ ਗੁਜ਼ਰਦਾ ਹੈ।

**ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥**

**ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥** (ਅੰਗ-79●)

ਇਹ ਸਾਰੀਆਂ ਮੁਸੀਬਤਾਂ ਨਾਮ ਦੇ ਵਿਸਾਰਨ ਕਰਕੇ ਹਨ। ਦਿਨ ਰਾਤ, ਸੈਂਕੜੇ ਹਜਾਰਾਂ ਉਲ੍ਹਮੇ ਸਹਿੰਦਾ ਹੈ, ਕਿਉਂ ਜੋ ਉਸ ਵਾਹਿਗੁਰੁਦੀ ਸਿਫਤ ਸ਼ਲਾਘਾ ਛੱਡ ਕੇ, ਜੋ ਜੀਵ ਹੰਸ ਰੂਪ ਸੀ, ਮੁਰਦਿਆਂ ਦੇ ਪਿੰਜਰਾਂ ਨੂੰ ਚੂੰਢਣ ਵਾਲੇ ਕੰਮਾਂ ਵਿਚ ਪਿਆ ਹੋਇਆ ਹੈ :-

**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥**

**ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥** (ਅੰਗ-790)

ਖਾ ਖਾ ਕੇ ਪੇਟ ਵਧਾਉਣ ਦਾ ਕੋਈ ਲਾਭ ਨਹੀਂ। ਪ੍ਰਭੂ ਦੇ ਨਾਮ ਤੋਂ ਬਿਨਾਂ ਸਾਰੀਆਂ ਸੁਖਦਾਇਕ ਚੀਜ਼ਾਂ ਵੈਰੀ ਹਨ। ਉਲਟਾ, ਬਹੁਤਾ ਖਾਣ ਨਾਲ ਸਰੀਰਕ ਰੋਗ ਪੈਦਾ ਹੁੰਦੇ ਹਨ।

ਪੇਟ ਵਧਾਉਣ ਤੋਂ ਥੋੜ੍ਹਾ ਅਗਾਂਹ ਤੱਕੀਏ, ਨੀਂਦ ਦੀ ਬਾਰੀ ਆਉਂਦੀ ਹੈ। ਵਿਹਲਾ ਪੁਰਸ਼ ਖਾ ਪੀ ਕੇ ਜਾਂ ਦਿਨ ਦਿਹਾੜੇ ਕੰਮ ਤੋਂ ਥੱਕ ਕੇ ਲੱਗ ਭੱਗ ਜੀਵਨ ਦਾ ਅੱਧਾ ਭਾਗ ਸੌਂ ਕੇ ਗੁਜ਼ਾਰ ਦਿੰਦਾ ਹੈ। ਕਬੀਰ ਸਾਹਿਬ ਚੇਤਾਵਨੀ ਦਿੰਦੇ ਹਨ :-

**ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥**

**ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥** (ਅੰਗ-1371)

ਇਕ ਦਿਨ ਲੰਬੇ ਗੋਡੇ ਪਸਾਰ ਕੇ ਅਜੇਹਾ ਸੋਇੰਗਾ ਕਿ ਮੁੜ ਕੇ ਜਾਗਣਾ ਨਹੀਂ । ਸੋ ਕਬੀਰ ਸਾਹਿਬ ਜਾਗਦੇ ਰਹਿ ਕੇ ਵਾਹਿਗੁਰੂ ਜੀ ਦੀ ਸਿਫਤ ਸ਼ਲਾਘਾ ਕਰਨ ਦਾ ਉਪਦੇਸ਼ ਦਿੰਦੇ ਹਨ। ਫੇਰ ਆਖਦੇ ਹਨ :-

**ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥**

**ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥** (ਅੰਗ-1371)

ਤੂੰ ਵਿਛੜਿਆ ਹੋਇਆ ਹੈਂ ਆਪਣੇ ਮਾਲਕ ਤੋਂ । ਜਾਗਦਾ ਰਹਿ, ਬੈਠਾ ਰਹਿ, ਉਸ ਦੇ ਸਿਮਰਨ ਵਿਚ ਰਾਤ ਗੁਜ਼ਾਰ। ਜੋ ਇਸਤਰੀਆਂ ਆਪਣੇ ਪਤੀ ਤੋਂ ਵਿਛੜੀਆਂ ਹੁੰਦੀਆਂ ਹਨ, ਭਲਾ ਉਹ ਕਦੇ ਸੌਂਦੀਆਂ ਹਨ? ਉਨ੍ਹਾਂ ਨੂੰ ਨੀਂਦ ਕਿਥੇ? ਉਨ੍ਹਾਂ ਨੂੰ ਚੈਨ ਕਿੱਥੇ? ਕਿਸੇ ਨਾ ਕਿਸੇ ਪੱਜ ਉਨ੍ਹਾਂ ਦੀਆਂ ਅੱਖਾਂ 'ਚੋਂ ਅਾਂਸੂ ਵਗਦੇ ਹੀ ਰਹਿੰਦੇ ਹਨ। ਤੂੰ ਵਿਛੜਿਆ ਹੋਇਆ ਹੈਂ, ਕਿਸੇ ਸਮੁੰਦਰ ਕੋਲੋਂ। ਜਿਵੇਂ ਪਾਣੀ ਦਾ ਕਤਰਾ, ਵਰਖਾ ਦੀ ਬੂੰਦ, ਸਮੁੰਦਰ ਵਿਚੋਂ ਉਠ ਕੇ ਧਰਤੀ ਤੇ ਡਿੱਗ ਕੇ, ਉਸ ਨੂੰ ਮਿਲਣ ਲਈ ਹਜ਼ਾਰਾਂ ਮੀਲਾਂ ਦਾ ਰਸਤਾ ਤਹਿ ਕਰਦੀ ਹੈ। ਧਰਤੀ ਤੇ ਡਿੱਗ ਕੇ, ਉਦੋਂ ਤੱਕ ਸਾਹ ਨਹੀਂ ਲੈਂਦੀ ਜਦੋਂ ਤੱਕ ਆਪਣੇ ਅਸਲੇ, ਸਹੁ (ਮਾਲਕ) ਸਮੁੰਦਰ ਵਿਚ ਮੁੜ ਕੇ ਸਮਾ ਨਹੀਂ ਜਾਂਦੀ। ਮਨੁੱਖੀ ਆਤਮਾ, ਉਸ ਸਰਬੋਤਮ ਦੀ ਇਕ ਬੂੰਦ ਦੀ ਤਰ੍ਹਾਂ ਹੈ, ਉਸ ਦਾ ਇਕ ਜ਼ੱਰਾ ਹੈ, ਕਿਣਕਾ ਹੈ, ਕਿਸ ਦਾ? ਉਸ ਦਾ ਜਿਸ ਨੂੰ ਆਮ ਕਰਕੇ ਵਾਹਿਗੁਰੂ, ਪ੍ਰਮਾਤਮਾ ਜਾਂ ਰੱਬ ਆਦਿ ਨਾਮਾਂ ਨਾਲ ਜਾਣਿਆ ਜਾਂਦਾ ਹੈ। :-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**

**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥** (ਅੰਗ- 441)

ਸਾਡੀ ਆਤਮਾ ਇਕ ਵੱਡੀ ਜੋਤ, ਧਰਮ ਆਤਮਾ ਤੋਂ ਵਿਛੜੀ ਹੋਈ ਚੀਜ਼ ਹੈ। ਕਿਸੇ ਵੱਡੇ ਪਾਵਰ ਹਾਊਸ (Power House) ਡੈਮ ਦਾ ਲਿਸ਼ਕਾਰਾ ਹੈ। ਨਿੱਕੇ ਮੋਟੇ ਬਿਜਲੀ ਦੇ ਬਲਬ ਜਗਦੇ ਹਨ, ਉਨ੍ਹਾਂ ਦਾ ਕੁਨੈਕਸ਼ਨ, ਪਾਵਰ ਹਾਊਸ ਨਾਲ ਹੋਂਦਾ ਹੈ। ਕੁਨੈਕਸ਼ਨ ਤੋੜ ਦਿਓ, ਕੀ ਬਲਬ ਜਗੇਗਾ? ਜੋਤਿ ਜੋ ਸਾਰੇ ਬ੍ਰਹਿਮੰਡ ਵਿਚ ਪਸਰ ਰਹੀ ਹੈ:- ਹਰ ਥਾਂ ਮੌਜੂਦ ਹੈ। ਸਭ ਦੇ ਅੰਦਰ ਹੈ :-

**ਜਲਸ ਤੁਹੀ । ਥਲਸ ਤੁਹੀ । ਨਦਿਸ ਤੁਹੀ । ਨਦਸ ਤੁਹੀ ।**

**ਬ੍ਰਿਛਸ ਤੁਹੀ । ਪਤਸ ਤੁਹੀ । ਛਿਤਸ ਤੁਹੀ । ਉਰਧਸ ਤੁਹੀ ।**

ਉਹ ਜਲ ਵਿਚ ਹੈ, ਥਲ ਵਿਚ ਹੈ। ਐਥੇ ਹੈ, ਉਥੇ ਹੈ, ਬਣਾਂ 'ਚ ਹੈ, ਧਰਤੀ 'ਚ ਹੈ। ਆਕਾਸ਼ 'ਚ ਹੈ। ਨਦੀਆਂ 'ਚ ਵੀ ਉਹੀ ਹੈ ਅਤੇ ਸਮੁੰਦਰਾਂ 'ਚ ਵੀ ਉਹੋ ਹੀ ਜੋਤ ਹੈ। ਬ੍ਰਿਖਾਂ ਦੇ ਪੱਤਿਆਂ 'ਚ ਵੀ ਉਹੀ ਹੈ। ਇਸ ਤਰ੍ਹਾਂ ਪਰਮ ਆਤਮਾ ਦੀ ਅੰਸ਼ ਮਨੁੱਖੀ ਆਤਮਾ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**

**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** (ਅੰਗ-13)

ਬਸ ਮਨੁੱਖੀ ਜੀਵਨ ਦਾ ਫਰਜ਼ ਹੀ ਆਪਣੇ ਸਰੂਪ ਨੂੰ ਪਛਾਨਣ ਦਾ ਹੈ, ਆਪਣੇ ਮੂਲ ਪਾਵਰ ਹਾਊਸ ਨਾਲ ਕੁਨੈਕਸ਼ਨ ਜੋੜਨ ਦਾ ਹੈ।

ਆਪਣੇ ਅਸਲੇ ਨੂੰ ਮਿਲਣ ਲਈ, ਉਸ ਦਾ ਜਾਪ ਜਪਣ ਲਈ ਜ਼ਰੂਰੀ ਹੈ ਕਿ ਮਨੁੱਖ ਸਤਿਗੁਰ ਤੋਂ ਸ਼ਬਦ ਲਵੇ। ਭਾਵ ਗੁਰਮੰਤ੍ਰ ਲਵੇ, ਗੁਰਮੰਤ੍ਰ ਲੈ ਕੇ ਉਸ ਦਾ ਜਾਪ ਕਰਨਾ ਇਸ ਜਿੰਦਗੀ ਦਾ ਲਾਹਾ ਹੈ। ਮੰਤ੍ਰ ਦੇ ਜਾਪ ਤੋਂ ਬਿਨਾਂ ਇਨਸਾਨ ਨਹੀਂ, ਡੰਗਰ ਹੀ ਹੈ। ਪਸ਼ੂ ਹੈ, ਕੁੱਤਾ, ਸੂਰ, ਗਧਾ, ਕਾਂ, ਸੱਪ ਅਤੇ ਖੋਤੇ ਆਦਿ ਆਦਿ ਦੇ ਸਮਾਨ ਹੀ ਹੈ, ਕਿਉਂਕਿ ਜੋ ਅਸਲੀ ਕੰਮ ਇਸਦਾ ਹੈ, ਉਹ ਨਹੀਂ ਕਰਦਾ :-

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥**

**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥** (ਅੰਗ-1356-57)

ਨਾਮ ਜਿਨ੍ਹਾਂ ਨੇ ਨਹੀਂ ਜਪਿਆ, ਮੂੜ੍ਹ ਹਨ, ਮੂਰਖ ਹਨ ਜਾਂ ਕਹਿ ਲਵੋ ਕਿ ਉਹ ਨਿਆਣੇ ਹਨ। ਜਿਵੇਂ ਛੋਟੇ ਬੱਚੇ ਨੂੰ ਆਪਣੇ ਹਾਣ ਲਾਭ ਦਾ ਕੋਈ ਪਤਾ ਨਹੀਂ ਹੁੰਦਾ, ਮੂਰਖ ਆਦਮੀ ਵੀ ਆਪਣੇ ਨਫੇ-ਨੁਕਸਾਨ ਨੂੰ ਨਹੀਂ ਸੋਚਦਾ ਤਿਵੇਂ ਹੀ ਵਾਹਿਗੁਰੂ ਦੇ ਨਾਮ ਤੋਂ ਬਗੈਰ ਮਨੁੱਖ ਅੰਜਾਣ ਬੱਚਾ ਹੈ :-

**ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ**

**ਤੇ ਮਨਮੁਖ ਮੂੜ ਇਆਣੇ ਰਾਮ ॥**

**ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ**

**ਸੋ ਅੰਤਿ ਗਏ ਪਛੁਤਾਣੇ ਰਾਮ ॥**

**ਹਰਿ ਦਰਗਹ ਢੋਈ ਨਾ ਲਹਨਿ੍ ਮੇਰੀ ਜਿੰਦੁੜੀਏ**

**ਜੋ ਮਨਮੁਖ ਪਾਪਿ ਲੁਭਾਣੇ ਰਾਮ ॥**

**ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ**

**ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥** (ਅੰਗ-54●)

ਵਾਹਿਗੁਰੂ ਦੇ ਸਿਮਰਨ ਤੋਂ ਬਿਨਾਂ ਹੋਰ ਮਾਇਆ ਰੂਪੀ ਪਦਾਰਥਾਂ ਨਾਲ ਮੋਹ ਵਧਾਉਣਾ, ਅੰਤ ਨੂੰ ਪਛਤਾਵਾ ਹੁੰਦਾ ਹੈ। ਪ੍ਰਮਾਤਮਾ ਦੀ ਦਰਗਾਹ ਵਿਚ ਕੋਈ ਸਥਾਨ ਨਹੀਂ ਮਿਲਦਾ। ਗੁਰੂ ਨਾਲ ਮਿਲ ਕੇ ਪ੍ਰਮਾਤਮਾ ਦਾ ਨਾਮ ਜਪਣ ਨਾਲ ਹੀ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਸਮਝਣ ਲਈ ਬੜੀਆਂ ਸਹਾਈ ਹਨ। ਗੁਰੂ ਸਾਹਿਬ ਨੇ ਭਾਈ ਸਾਹਿਬ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਹੋਇਆ ਹੈ। ਆਪ ਆਪਣੀ ਪਹਿਲੀ ਵਾਰ ਵਿਚ ਹੀ ਜੀਵਨ ਤਾ ਤੱਤ ਸਮਝਾਉਂਦੇ ਹਨ :-

**ਚਉਰਾਸੀ ਲਖ ਜੋਨਿ ਵਿਚਿ ਉਤਮ ਜਨਮੁ ਸੁ ਮਾਣਸਿ ਦੇਹੀ ॥**

**ਅਖੀ ਵੇਖਣ ਕਰਨਿ ਸੁਣਿ ਮੁਖਿ ਸੁਭ ਬੋਲਣ ਬਚਨ ਸਨੇਹੀ ॥**

**ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ ॥**

**ਕਿਰਤ ਵਿਰਤ ਕਰਿ ਧਰਮ ਦੀ ਖਟਿ ਖਵਾਲਣ ਭਾਇ ਕਰੇਹੀ ॥**

**ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ ॥**

ਫੁਰਮਾਉਂਦੇ ਹਨ ਕਿ ਚਉਰਾਸੀ ਲਖ ਜੂਨੀਆਂ ਵਿਚੋਂ ਸਭ ਤੋਂ ਉੱਤਮ ਜਨਮ ਮਨੁੱਖਾਂ ਹੀ ਹੈ। ਇਸ ਜਨਮ ਦੇ ਦੌਰਾਨ ਸਤਿਸੰਗ ਵਿਚ ਮਿਲ ਕੇ, ਗੁਰਬਾਣੀ ਪੜ੍ਹ ਕੇ ਸਮਝ ਕੇ, ਉਸ ਅਨੁਸਾਰ ਸਮਜੀ ਤੇ ਅਧਿਆਤਮਕ ਜੀਵਨ ਢਾਲਣਾ ਕਰਕੇ, ਇਹ ਜਨਮ ਲੇਖੇ ਵਿਚ ਲੱਗਦਾ ਹੈ।

ਸਿਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਜੀਵਨ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਜੀਵਨ ਨੂੰ ਰੈਣ (ਰਾਤ) ਆਖਿਆ ਹੈ ਅਤੇ ਇਸ ਦੇ ਚਾਰ ਪਹਿਰ ਬਣਾ ਕੇ, ਪਹਿਲੇ, ਦੂਜੇ, ਤੀਜੇ ਅਤੇ ਚੌਥੇ ਪਹਿਰ ਲਈ

ਕਰਮ ਦਰਸਾਏਹ ਹਨ। ਪਹਿਲਾ ਭਾਗ ਮਾਂ ਦੇ ਪੇਟ ਅੰਦਰ ਦਾ, ਦੂਜਾ ਹਿੱਸਾ ਬਚਪਨ ਦਾ ਵੇਲਾ, ਤੀਜਾ ਜੁਆਨੀ ਦਾ ਯੁੱਗ ਅਤੇ ਚੌਥੇ ਬੁਢੇਪਾ, ਅਖੀਰਲਾ ਜਾਂ ਮੌਤ ਦੇ ਨੇੜੇ ਦਾ ਸਮਾਂ:-

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥**

**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥** (ਅੰਗ-74)

ਜਨਮ ਲੈਣ ਤੋਂ ਪਹਿਲਾਂ ਪ੍ਰਾਣੀ ਮਾਤਾ ਦੇ ਗਰਭ ਵਿਚ ਉਸ ਵਾਹਿਗੁਰੂਦੇ ਹੁਕਮ ਨਾਲ ਅਸਥਾਨ ਪਾਉਂਦਾ ਹੈ। ਉਸ ਵੇਲੇ ਆਪਣੇ ਮਾਲਕ ਵਾਹਿਗੁਰੂਅਗੇ ਅਰਦਾਸ ਕਰਦਾ ਹੈ ਕਿ ਮੈਨੂੰ ਇਸ ਨਰਕ ਵਿਚੋਂ ਬਾਹਰ ਕੱਢੋ ਕਿਉਂ ਜੋ ਉਥੇ ਪੁੱਠਾ ਲਮਕ ਰਿਹਾ ਹੁੰਦਾ ਹੈ। ਪਰ ਫੇਰ ਵੀ ਉਸਦੇ ਧਿਆਨ ਵਿਚ ਮਗਨ ਹੁੰਦਾ ਹੈ। ਜਨਮ ਵੀ ਪੁੱਠਾ ਹੀ ਲੈਂਦਾ ਹੈ। ਤਨ ਤੇ ਕੋਈ ਕਪੜਾ, ਕੋਈ ਪਰਦਾ ਨਹੀਂ ਹੁੰਦਾ। ਅਲਫ ਨੰਗਾ, ਖਾਲੀ ਹੱਥ ਜਨਮਦਾ ਹੈ। ਵਾਹਿਗੁਰੂਦੇ ਲਿਖੇ ਹੋਏ ਲੇਖ ਉਸਦੇ ਨਾਲ ਆਏ, ਪੂਰਬਲੇ ਕਰਮਾਂ ਅਨੁਸਾਰ ਜੀਵਨ ਧਾਰਦਾ ਹੈ ਅਤੇ ਜਨਮ ਧਾਰ ਕੇ ਹੋਰ ਕਰਮ ਕਰਦਾ ਹੈ। ਪਹਿਲਾਂ ਪੇਟ ਦੀ ਅਗਨੀ ਵਿਚ ਜਿਉਂਦਾ ਹੈ। ਦਸੀਂ ਮਾਸੀਂ ਜਨਮ ਲੈ ਕੇ ਇਸ ਲੋਕ ਵਿਚ ਆਉਂਦਾ ਹੈ, ਤਾਂ ਫਿਰ ਕੀ ਵਾਪਰਦੀ ਹੈ:-

**ਦੂਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਿਆ ਧਿਆਨੁ ॥**

**ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥** (ਅੰਗ-75)

ਜੁਆਨੀ ਆਈ, ਪੂਰੀ ਤਰ੍ਹਾਂ ਧਨ ਤੇ ਜੋਬਨ ਨਾਲ ਪਿਆਰ ਪੈ ਗਿਆ। ਮਾਇਆ ਵਿਚ ਗ੍ਰਸਿਆ ਗਿਆ। ਕਰਤੇ ਨੂੰ ਛੱਡ ਕੇ ਕਿਰਤ ਨਾਲ ਜੁੜ ਗਿਆ। ਉਸ ਅਕਾਲ ਪੁਰਖ ਨੂੰ ਚੇਤੇ ਨਾ ਕੀਤਾ, ਜਿਸ ਨੂੰ ਚੇਤੇ ਨਾ ਕੀਤਾ, ਜਿਸ ਨੂੰ ਚੇਤੇ ਕਰਨ ਨਾਲ ਮਾਇਆ ਦੇ ਬੰਧਨਾਂ ਤੋਂ ਮੁਕਤ ਹੋਣਾ ਹੈ। ਪਰਮ ਕਰਮ ਕੋਈ ਨਾ ਕੀਤਾ, ਮਨੁੱਖਾ ਜਨਮ ਬੇਅਰਥ ਗੁਆ ਦਿੱਤਾ।

**ਤੀਜੈ ਕਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥**

**ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥**

**ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥**

**ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥** (ਅੰਗ-75)

ਹੌਲੀ ਹੌਲੀ ਕਾਲੇ ਵਾਲ ਚਿੱਟਿਆਂ ਵਿਚ ਵਟਣੇ ਸ਼ੁਰੂਹੋ ਗਏ। ਜੁਆਨੀ ਹੌਲੀ ਹੌਲੀ ਅਲੋਪ ਹੋਣੀ ਸ਼ੁਰੂਹੋ ਗਈ। ਬੁਢੇਪੇ ਨੇ ਕਦਮ ਰੱਖਿਆ। ਅਫਸੋਸ ਕਰਨਾ ਸ਼ੁਰੂਕਰ ਦਿੰਦਾ ਹੈ ਕਿ ਹੁਣ ਤਾਂ ਬੁੱਢੇ ਹੋ ਗਏ ਹਾਂ, ਧੀਆਂ ਪੁੱਤਰਾਂ ਦੇ ਕਾਰਜ ਵਿਹਾਰਾਂ 'ਚ ਲਗ ਗਿਆ। ਮਾਇਆ ਦੇ ਲੋਭ ਲਾਲਚ ਵਿਚ ਜੁਆਨੀ ਲੰਘਾ ਦਿੱਤੀ, ਹੁਣ ਧੀਆਂ ਪੁੱਤਰਾਂ ਲਈ ਸੋਚਦਾ ਰਹਿੰਦਾ ਹੈ।

ਬੁਢੇਪਾ ਆ ਗਿਆ। ਕਾਲੇ ਪੂਰੀ ਤਰ੍ਹਾਂ ਚਿੱਟੇ ਹੋ ਗਏ। ਬੁੱਧ ਘਟ ਗਈ। ਮਤਿ ਵੀ ਕੁਝ ਮਾਰੀ ਗਈ। ਕੁਝ ਯਾਦ ਰਹਿੰਦਾ ਹੈ, ਕੁਝ ਨਹੀਂ ਰਹਿੰਦਾ। ਹੁਣ ਇਹ ਦੁਨੀਆਂ ਛੱਡ ਕੇ ਅੱਗੇ ਜਾਣ ਦਾ ਵੇਲਾ ਆ ਗਿਆ। ਤਨ 'ਚ ਤਾਕਤ ਨਹੀਂ ਰਹੀ। ਅੱਖ ਕੰਨ ਜੁਆਬ ਦੇ ਗਏ, ਜੀਭ ਦਾ ਸੁਆਦ ਵੀ ਜਾਂਦਾ ਰਿਹਾ, ਕੋਈ ਚੀਜ਼ ਪਚਦੀ ਹੈ, ਕੋਈ ਨਹੀਂ ਪਚਦੀ। ਦੂਜਿਆਂ ਦੇ ਆਸਰੇ ਦੀ ਲੋੜ ਪੈ ਗਈ।

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥**

**ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ**

**ਕਿਸੈ ਨ ਮਿਲਿਆ ਭੇਤੁ ॥** (ਅੰਗ-75)

ਮੌਤ ਦਾ ਫਰਿਸ਼ਤਾ ਆਇਆ, ਕਿਸੇ ਨੂੰ ਪਤਾ ਵੀ ਨਾ ਲੱਗਾ। ਚੁੱਪ ਕਰਕੇ ਪ੍ਰਾਣੀ ਨੂੰ ਲੈ ਗਿਆ। ਜਿਵੇਂ ਪੱਕੀ ਹੋਈ ਪੈਲੀ ਵੱਢ ਸੁੱਟੀਦੀ ਹੈ। ਇਵੇਂ ਹੀ ਜੀਵ ਆਤਮਾ ਨੂੰ ਜਮ ਜਾਂ ਜਮਰਾਜ ਆਪਣੇ ਨਾਲ ਲੈ ਗਏ। ਜੀਵਨ ਦਾ ਅੰਤ ਹੋ ਗਿਆ। ਆਲੇ ਦੁਆਲੇ ਰਿਸ਼ਤੇਦਾਰ ਸੰਬੰਧੀ ਮਿਲ ਕੇ ਝੂਠੇ ਰੁਦਨ (ਰੋਣ) 'ਚ ਪੈ ਗਏ, ਪਰ ਜੋ ਬਾਪ ਸੀ, ਭਰਾ ਸੀ, ਪੁੱਤਰ ਸੀ ਜਾਂ ਮਾਂ, ਭੈਣ, ਪਤਨੀ, ਪੁੱਤਰੀ ਸੀ, ਛਿਨ ਵਿਚ ਪਰਾਈ ਹੋ ਗਈ। ਮਨੁੱਖ ਮਿੰਟਾਂ ਵਿਚ ਹੀ ਓਪਰਾ ਓਪਰਾ ਲੱਗਣ ਲਗ ਜਾਂਦਾ ਹੈ। ਉਸ ਲਈ ਸਭ ਚੀਜ਼ਾਂ ਜਿਨ੍ਹਾਂ ਨਾਲ ਪਿਆਰ ਪਾਇਆ ਹੋਇਆ ਸੀ, ਬੇਅਰਥ ਹੋ ਜਾਂਦੀਆਂ ਹਨ।

ਇਹ ਹੈ ਮਨੁੱਖ ਦੇ ਜੀਵਨ ਦਾ ਸਫਰ, ਜੋ ਬੇਅਰਥ ਚਲਾ ਗਿਆ। ਇਸ ਦੀ ਕਾਮਯਾਬੀ ਲਈ ਸਾਹਿਬਾਂ ਨੇ ਹਰਿ ਦੇ ਨਾਮ ਸਿਮਰਨ ਤੇ ਜ਼ੋਰ ਦਿੱਤਾ ਹੈ। ਪਹਿਲੇ ਹਿੱਸੇ ਵਿਚ ਮਾਤਾ ਦੇ ਗਰਭ ਵਿਚ ਤਾਂ ਸਿਮਰਨ ਕਰਦਾ ਸੀ, ਹਜ਼ੂਰ ਦੂਜੀ ਅਵਸਥਾ ਬਚਪਨ ਲਈ ਆਖਦੇ ਹਨ :-

**ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀਂ ਕਛੁ ਤੇਰਾ ॥**

**ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥** (ਅੰਗ-75)

ਐ ਮੇਰੇ ਮੂਰਖ ਭੁੱਲੇ ਭਟਕਦੇ ਮਨ, ਪ੍ਰਮਾਤਮਾ ਨੂੰ ਯਾਦ ਕਰ। ਉਸ ਦਾ ਸਿਮਰਨ ਕਰ। ਤੈਨੂੰ ਮਨ ਵਿਚ ਵਿਚਾਰਨਾ ਚਾਹੀਦਾ ਹੈ ਕਿ ਜਿਸ ਨੇ ਤੈਨੂੰ ਰਚਿਆ ਹੈ ਉਸਦੇ ਧਿਆਨ ਨੂੰ ਤੂੰ ਕਿਉਂ ਮਨ ਵਿਚ ਨਹੀਂ ਵਸਾਉਂਦਾ ਉਸ ਦਾ ਧਿਆਨ ਧਰ।

ਤੀਸਰੀ ਅਵਸਥਾ ਵਿਚ ਨਾਮ ਸਿਮਰਨ ਲਈ ਹੀ ਆਖਦੇ ਹਨ ਕਿ ਤੂੰ ਧਨ, ਜੋਬਨ ਨੂੰ ਮਾਨਣ ਵਿਚ ਹੀ ਰੁੱਝ ਗਿਆ। ਪਰ :-

**ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ ॥**

**ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ ॥**

ਜਿਸ ਪ੍ਰਭੂ ਦੇ ਨਾਮ ਨੇ ਅੰਤ ਨੂੰ ਸਹਾਇਤਾ ਕਰਨੀ ਹੈ, ਉਸ ਨੂੰ ਕਦੇ ਯਾਦ ਨਹੀਂ ਕਰਦਾ। ਮੂਰਖ ਮਨੁੱਖ ਨੂੰ ਪਤਾ ਹੀ ਨਹੀਂ ਕਿ ਕੇਵਲ ਪ੍ਰਭੂ ਦੇ ਨਾਉਂ ਦਾ ਵਪਾਰ ਹੀ ਸੱਚਾ ਹੈ। ਬਾਕੀ ਪਸਾਰਾ ਨਾਸ਼ਵੰਤ ਹੈ। ਧੂਏਂ ਵਾਂਗਰ ਹੈ, ਬਾਲੂ (ਰੇਤਾ) ਦੀ ਭੀਤ (ਕੰਧ) ਵਾਂਗੂੰ ਹੈ।

ਚੌਥੀ ਅਵਸਥਾ ਸਮੇਂ, ਪਹਿਲੀਆਂ ਤਿੰਨਾਂ ਦੀ ਤਰ੍ਹਾਂ ਗੁਰੂ ਸਾਹਿਬ, ਗੁਰੂ ਦੇ ਸ਼ਬਦ ਦੀ ਕਮਾਈ ਲਈ ਹੀ ਪ੍ਰੇਰਦੇ ਹਨ। ਆਖਦੇ ਹਨ, ਜੋ ਸ਼ਬਦ ਕਮਾਉਂਦਾ ਹੈ, ਉਸਦਾ ਆਵਣ ਜਾਣ ਮੁੱਕ ਜਾਂਦਾ ਹੈ। ਮੌਤ ਨੇੜੇ ਨਹੀਂ ਆਉਂਦੀ। ਉਹ ਮਨੁੱਖ ਆਪਣੇ ਅਸਲੀ ਘਰ, ਮਾਨ ਵਡਿਆਈ ਨਾਲ ਜਾਂਦਾ ਹੈ। ਉਸ ਦੇ ਸਭ ਦੁੱਖ ਦੂਰ ਹੋ ਜਾਂਦੇ ਹਨ। ਮਨੁੱਖ ਨੂੰ ਸਿਮਰਨ ਲਈ ਢਿੱਲ ਨਹੀਂ ਕਰਨੀ ਚਾਹੀਦੀ। ਇਹ ਰੈਣ (ਜਨਮ, ਜੀਵਨ) ਉਹਨਾਂ ਗੁਰਮੁਖਾਂ (ਗੁਰੂ ਦੇ ਆਖੇ ਵਿਚ ਚੱਲਣ ਵਾਲੇ) ਦੀ ਸਫਲ ਹੋ ਗਈ ਜਿਨ੍ਹਾਂ ਨੇ ਸਤਿਗੁਰ ਤੋਂ ਸ਼ਬਦ ਲੈ ਕੇ ਇਕ ਵਾਹਿਗੁਰੂ ਦੀ ਅਰਾਧਨਾ ਕੀਤਾ :-

**ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥**

**ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥**

**ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥**

**ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥** (ਅੰਗ-76)

ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਅਨੰਦ ਸਾਹਿਬ ਵਿਚ ਬੰਦੇ ਨੂੰ ਸਮਝਾਉਂਦੇ ਹਨ ਕਿ ਉਹ ਆਪਣੇ ਮਨ ਨੂੰ ਆਖੇ, ਭਾਈ! ਤੂੰ ਹਮੇਸ਼ਾਂ ਸਤਿ ਦੀ ਭਾਲ ਕਰ ਅਤੇ ਸਤਿ ਨੂੰ ਹੀ ਸਿਮਰ :-

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥**

**ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥** (ਅੰਗ-918)

ਸਤਿਗੁਰੂ ਦੀ ਸਿਖਿਆ ਲੈ ਕੇ ਸਚੁ (ਸਤਿ) ਦੀ ਕਮਾਈ ਕਰ ਇਸ ਤਰ੍ਹਾਂ ਉਹ ਸਦਾ ਤੇਰੇ ਨਾਲ ਰਹੇਗਾ। ਸੱਚ ਕੀ ਹੈ? ਸੱਚੀ ਵਸਤੂ ਉਹ ਹੈ ਜੋ ਹਮੇਸ਼ਾ ਅਮਰ ਰਹਿੰਦੀ ਹੈ, ਪਰ ਸਮੇਂ ਹੋਂਦ ਵਾਲੀ ਹੈ:-

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

**ੴ ਵਾਹਿਗੁਰੂ**, ਆਦਿ ਜੁਗਾਦਿ ਤੋਂ ਹੈ, ਅੱਗੇ ਨੂੰ ਵੀ ਹੋਵੇਗਾ ਅਤੇ ਬਾਕੀ ਸਭ ਮਾਇਆ ਸਮੇਂ ਸਮੇਂ ਬਿਨਸਨਹਾਰ ਹੈ।

**ਕਹੈ ਨਾਨਕੁ ਜਿਸ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥** (ਅੰਗ - 919)

ਬਿਨਾਂ ਸਚੁ (ਵਾਹਿਗੁਰੂ) ਦੇ ਲੜ ਲੱਗਿਆਂ, ਇਹ ਜਨਮ ਇਸ ਤਰ੍ਹਾਂ ਬੇਅਰਥ ਚਲਾ ਜਾਂਦਾ ਹੈ। ਜਿਵੇਂ ਜੂਏ 'ਚ ਜੁਆਰੀ ਆਪਣੀਆਂ ਕਿੰਨੀਆਂ ਹੀ ਵਸਤਾਂ ਹਾਰ ਜਾਂਦਾ ਹੈ, ਜੂਏ ਵਿਚ ਜਨਮ ਨੂੰ ਨਹੀਂ ਗੁਆ ਦੇਣਾ ਚਾਹੀਦਾ, ਸਗੋਂ ਇਹ ਜਨਮ ਦੀ ਪਰਖ ਕਰਕੇ ਜਨਮ ਰਤਨ (ਨਾਮ) ਦਾ ਵਪਾਰ ਕਰਨਾ ਜ਼ਰੂਰੀ ਹੈ। ਜਨਮ ਰਤਨ ਨੂੰ ਖੱਟਣ ਵਾਲੇ ਹਰ ਸਮੇਂ ਗੁਰੂ-ਗੁਰਬਾਣੀ ਦੀ ਸੰਗਤ ਵਿਚ ਰਹਿੰਦੇ ਹਨ :-

**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥**

ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥ (ਅੰਗ-919)

ਸ੍ਰੀ ਗੁਰੂਨਾਨਕ ਦੇਵ ਜੀ ਤਾਂ ਸੱਚੇ ਦੇ ਵਿਸਰਨ ਨੂੰ ਮਰਨ ਤੁਲ ਸਮਝਦੇ ਹਨ ਕਿ ਜੇ ਮੈਂ ਸਿਮਰਦਾ ਹਾਂ ਤਾਂ ਜੀਂਦਾ ਹਾਂ, ਨਹੀਂ ਤਾਂ ਮਰਿਆ ਬਰਾਬਰ ਹਾਂ। ਸੱਚੇ ਨਾਉਂ ਦੀ, ਰੋਟੀ ਦੀ ਤਰ੍ਹਾਂ ਭੁੱਖ ਲਗਦੀ ਹੈ। ਉਸ ਭੁੱਖ ਦੇ ਪੂਰੀ ਹੋ ਜਾਣ ਨਾਲ ਸਭ ਭੁੱਖਾਂ ਮਿਟ ਜਾਂਦੀਆਂ ਹਨ :-

**ਆਖਾ ਜੀਵਾ ਵਿਸਰੈ ਮਰਿ ਜਾਉ ॥ਆਖਣਿ ਅਉਖਾ ਸਾਚਾ ਨਾਉ ॥**

**ਸਾਚੇ ਨਾਮ ਕੀ ਲਾਗੈ ਭੂਖ ॥ਉਤੁ ਭੂਖੈ ਖਾਇ ਚਲੀਅਹਿ ਦੂਖ ॥**

**ਸੋ ਕਿਉ ਵਿਸਰੈ ਮੇਰੀ ਮਾਇ ॥ਸਾਚਾ ਸਾਹਿਬੁ ਸਾਚੈ ਨਾਇ ॥** (ਅੰਗ -9)

ਉਸ ਸੱਚੇ ਨਾਉਂ ਨੂੰ ਨਹੀਂ ਵਿਸਾਰਨਾ ਚਾਹੀਦਾ। ਜੋ ਵਿਸਾਰਦਾ ਹੈ, ਉਹ ਤਾਂ ਉਸ ਔਰਤ ਵਰਗਾ ਹੈ ਜੋ ਆਪਣੇ ਪਤੀ ਨੂੰ ਵਿਸਾਰ ਕੇ ਹੋਰ ਹੋਰ ਪਾਸੇ ਟੱਕਰਾਂ ਮਾਰਦੀ ਹੈ ਤੇ ਲੋਕੀਂ ਉਸ ਨੂੰ ਕਮਜਾਤ (ਕਮੀਨੀ, ਕੁਲੱਛਨੀ) ਆਖਦੇ ਹਨ :-

**ਜੇਵਡੁ ਆਪਿ ਤੇਵਡ ਤੇਰੀ ਦਾਤਿ ॥ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**

**ਖਸਮੁ ਵਿਸਾਰਹਿ ਤੇ ਕਮਜਾਤਿ ॥ਨਾਨਕ ਨਾਵੈ ਬਾਝੁ ਸਨਾਤਿ ॥** (ਅੰਗ- 349)

ਸੁਖਮਨੀ ਸਾਹਿਬ 'ਚ ਪੰਜਵੇਂ ਪਾਤਸ਼ਾਹ ਜੀ ਮਨੁੱਖ ਵੱਲੋਂ ਬੇਨਤੀ ਕਰਦੇ ਹਨ ਕਿ ਮਨੁੱਖ ਫਿਰ ਫਿਰ ਕੇ ਕਏ. ਜੂਨਾਂ ਵਿਚੋਂ ਹੋ ਕੇ ਆਇਆ ਹੈ ਉਨ੍ਹਾਂ ਜੂਨਾਂ ਵਿਚ ਜੀਵ ਨੂੰ ਸੋਝੀ ਨਹੀਂ ਸੀ ਕਿ ਕਿਵੇਂ ਭਗਤੀ ਕਰੀਦੀ ਹੈ। ਹੁਣ ਮਨੁੱਖ ਬਣਿਆ ਹੈ। ਤਾਂ ਬੇਨਤੀ ਕਰਦਾ ਹੈ। ਐ ਪ੍ਰਭੂ ! ਹੁਣ ਮੈਨੂੰ ਤੁਸੀਂ ਕ੍ਰਿਪਾ ਕਰਕੇ ਆਪਣੀ ਭਗਤੀ 'ਚ ਲਗਾ ਲਵੋ:-

**ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥**

**ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥** (ਅੰਗ-289)

ਭਗਤ ਰਵਿਦਾਸ ਜੀ ਆਸ ਲਗਾਈ ਬੈਠੇ ਹਨ :-

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥** (ਅੰਗ-694)

ਕਿ ਕਦੋਂ ਵਾਹਿਗੁਰੂਜੀ ਦਰਸ਼ਨ ਦੇਵੋਗੇ। ਕਈ ਜਨਮ ਤੋਂ ਮੈਂ ਵਿਛੜਿਆ ਹੋਇਆ ਹਾਂ। ਹੁਣ ਤਾਂ ਮੇਲ ਲਵੋ। ਇਸ ਜਨਮ ਵਿਚ ਤਾਂ ਤਰਸ ਕਰੋ। ਇਸ ਤਰ੍ਹਾਂ ਸ੍ਰੀ ਗੁਰੂਰਾਮਦਾਸ ਜੀ ਦੀ ਬਾਣੀ 'ਚੋਂ ਤੜਪ ਉਠਦੀ ਹੈ :-

**ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤ ਪਿਆਸ ਲਾਗੀ ॥**

**ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥**

**ਨਾਨਕ ਦੀਨ ਸਰਣਿ ਆਏ ਗਲਿ ਲਾਏ ॥** (ਅੰਗ-408)

ਦਰਸ਼ਨ ਲਈ ਪਿਆਸ ਲਗੀ ਹੋਈ ਹੈ। ਬਹੁਤ ਬਹੁਤ ਚਿਰਾਂ ਤੋਂ ਪਿਆਸ ਹੈ। ਹੁਣ ਤੇ ਪਿਤਾ ਜੀ ਦਰਸ਼ਨ ਦੇਵੋ :-

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**

**ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥**

**ਹੁਣ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥**

**ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥** (ਅੰਗ-450)

ਸੋ ਪੂਰਨ ਤੌਰ ਤੇ ਡੂੰਘੀ ਵਿਚਾਰ ਕਰਕੇ ਇਹੋ ਸਿੱਟਾ ਨਿਕਲਦਾ ਹੈ ਕਿ ਮਨੁੱਖਾ ਜਨਮ ਨਾਮ ਜਪਣ ਤੋਂ ਬਿਨਾਂ, ਅਪਣੇ ਅਸਲੇ ਦੀ ਪਛਾਣ ਤੋਂ ਬਿਨਾਂ, ਉਸ ਨਾਲ ਨਾ ਜੁੜਨ ਕਰਕੇ, ਫਜ਼ੂਲ ਚਲਾ ਜਾਂਦਾ ਹੈ। ਜੋ ਨਾਮ ਨਹੀਂ ਜਪਦੇ ਉਹ ਇਸ ਸੰਸਾਰ ਵਿਚ ਜਿਹੇ ਆਏ ਜਿਹੇ ਨਾ ਆਏ, ਇਕ ਬਰਾਬਰ ਹਨ। ਇਹ ਜਨਮ ਉਸ ਨੂੰ ਮਿਲਣ ਲਈ ਵੱਤ ਦੀ ਤਰ੍ਹਾਂ ਹੈ ਜਿਵੇਂ ਖੇਤ ਨੂੰ ਵੱਤ ਆਉਣ ਕਰਕੇ ਬੀਜ ਪਾਈਦਾ ਹੈ ਇਸੇ ਤਰ੍ਹਾਂ ਨਾਮ ਦੇ ਬੀ ਪਾ ਕੇ ਨਾਮ ਨਾਲ ਇਕਮਿਕਤਾ ਪੈਦਾ ਕਰਕੇ ਉਹ ਸਿਰਨਜਨਹਾਰ ਨਾਲ ਮਿਲਾਪ ਹੀ ਜੀਵਨ ਦਾ ਮਕਸਦ ਹੈ। ਪ੍ਰਭੂਦਰਸ਼ਨਾਂ ਦੀ ਚਾਹ ਤੇ ਮਿਲਾਪ ਹੀ ਮਨੁੱਖੀ ਜਾਮੇ ਦਾ ਲਕਸ਼ ਹੈ। ਜਿਸ ਨੂੰ ਪਾਉਣ ਲਈ ਉਪਰਾਲਾ ਕਰਨਾ ਜੀਵਨ ਦਾ ਮਨੋਰਥ ਹੈ। ਇਹ ਜੀਵਨ, ਇਹ ਜਾਨਣ ਲਈ ਹੈ ਕਿ ਮੈਂ ਕੌਣ ਹਾਂ? ਇਹ ਜਾਣ ਕੇ ਸੱਚ ਦਾ ਵਾਪਾਰ ਕਰਨ ਲਈ ਹੈ। ਸ਼ੁਭ ਕਰਮ, ਪਰਉਪਕਾਰ ਅਤੇ ਨਿਰਬਾਰ ਮਾਤ੍ਰ ਸੰਸਾਰੀ ਕਾਰੋਬਾਰ ਅਤੇ ਵਿਵਹਾਰ ਕਰਦੇ ਹੋਏ ਮਨੁੱਖ ਨੂੰ ਨਾਮ ਸਿਮਰਨ ਦੁਆਰਾ ਆਪਣੇ ਨਿਜ ਘਰ ਦੀ ਭਾਲ ਕਰਨ ਲਈ ਇਹ ਜ਼ਿੰਦਗੀ ਹੈ। ਆਪਣੇ ਪਿਤਾ ਪ੍ਰਭੂਦੇ ਦਰਬਾਰ ਵਿਚ ਕਈ ਜਨਮਾਂ ਪਿਛੋਂ ਮੁੜ ਕੇ ਜਾਣ ਦਾ ਵੇਲਾ ਹੈ। ਸਤਿਗੁਰੂਦੀ ਬਖਸ਼ੀ ਹੋਈ ਬਾਣੀ ਨੂੰ ਕਮਾ ਕੇ ਆਵਾਗਾਉਣ ਮਿਟਾ ਕੇ ਜੋਤਿ ਵਿਚ ਜੋਤੀ ਮਿਲਾਉਣ ਦਾ ਅਉਸਰ ਹੈ :-

**ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ਮਾਨਸ ਜਨਮ ਕਾ ਏਹੀ ਲਾਹੁ ॥**

ਯਥਾ

**ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥**

**ਜੋ ਕਿਛੁ ਕਰਹਿ ਸੋਈ ਅਬ ਸਾਰੁ ॥ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥**

ਯਥਾ

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ਘਟ ਭੀਤਰਿ ਤੂ ਦੇਖੁ ਬਿਚਾਰਿ ॥**

**ਕਹਤ ਕਬੀਰੁ ਜੀਤਿ ਕੈ ਹਾਰਿ ॥ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥** (ਅੰਗ-1159)


**ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ**

**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882